Exam Date :- 30/09/2021 [M]

पुस्तिका में पृष्ठों की संख्या : 16
Number of Pages in Booklet : 16

पुस्तिका में प्रश्नों की संख्या : 150
No. of Questions in Booklet : 150

**Paper Code : 21**

**Sub: Punjabi-I**

**समय : 3.00 घण्टे**
**Time : 3.00 Hours**

# APCE-12

## Paper - I

प्रश्न-पत्र पुस्तिका संख्या /
**Question Paper Booklet No.**

**8180745**

**अधिकतम अंक : 75**
**Maximum Marks : 75**

**प्रश्न-पत्र पुस्तिका एवं उत्तर पत्रक के पेपर सील/पॉलिथीन बैग को खोलने पर परीक्षार्थी यह सुनिश्चित कर लें कि उसके प्रश्न-पत्र पुस्तिका पर वही प्रश्न-पत्र पुस्तिका संख्या अंकित है जो उत्तर पत्रक पर अंकित है। इसमें कोई भिन्नता हो तो परीक्षार्थी वीक्षक से दूसरा प्रश्न-पत्र प्राप्त कर लें। ऐसा सुनिश्चित करने की जिम्मेदारी अभ्यर्थी की होगी।**
**On opening the paper seal/polythene bag of the Question Paper Booklet the candidate should ensure that Question Paper Booklet No. of the Question Paper Booklet and Answer Sheet must be same. If there is any difference, candidate must obtain another Question Paper Booklet from Invigilator. Candidate himself shall be responsible for ensuring this.**

### परीक्षार्थियों के लिए निर्देश

1. **सभी** प्रश्नों के उत्तर दीजिए।
2. **सभी** प्रश्नों के अंक समान हैं।
3. प्रत्येक प्रश्न का केवल **एक** ही उत्तर दीजिए।
4. एक से अधिक उत्तर देने की दशा में प्रश्न के उत्तर को गलत माना जाएगा।
5. प्रत्येक प्रश्न के चार वैकल्पिक उत्तर दिये गये हैं, जिन्हें क्रमशः 1, 2, 3, 4 अंकित किया गया है। अभ्यर्थी को सही उत्तर निर्दिष्ट करते हुए उनमें से केवल एक गोले अथवा बबल को उत्तर-पत्रक पर **नीले बॉल प्वाइंट पेन** से गहरा करना है।
6. **OMR** उत्तर-पत्रक इस परीक्षा पुस्तिका के अन्दर रखा है। जब आपको परीक्षा पुस्तिका खोलने को कहा जाए, तो उत्तर-पत्रक निकाल कर ध्यान से केवल **नीले बॉल पॉइंट पेन** से विवरण भरें।
7. **प्रत्येक गलत उत्तर के लिए प्रश्न अंक का 1/3 भाग काटा जायेगा।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है। किसी भी प्रश्न से संबंधित गोले या बबल को खाली छोड़ना गलत उत्तर नहीं माना जायेगा।
8. मोबाइल फोन अथवा इलेक्ट्रोनिक यंत्र का परीक्षा हॉल में प्रयोग पूर्णतया वर्जित है। यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी।
9. कृपया अपना रोल नम्बर ओ.एम.आर. पत्रक पर सावधानीपूर्वक सही भरें। गलत अथवा अपूर्ण रोल नम्बर भरने पर **5 अंक** कुल प्राप्तांकों में से काटे जा सकते हैं।

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए विविध नियमों-प्रावधानों के तहत कार्यवाही की जाएगी। साथ ही विभाग ऐसे अभ्यर्थी को भविष्य में होने वाली विभाग की समस्त परीक्षाओं से विवर्जित कर सकता है।

### INSTRUCTIONS FOR CANDIDATES

1. Answer **all** questions.
2. **All** questions carry equal marks.
3. Only **one** answer is to be given for each question.
4. If more than one answers are marked, it would be treated as wrong answer.
5. Each question has four alternative responses marked serially as **1, 2, 3, 4**. You have to darken only one circle or bubble indicating the correct answer on the Answer Sheet using **BLUE BALL POINT PEN**.
6. The **OMR** Answer Sheet is inside this Test Booklet. When you are directed to open the Test Booklet, take out the Answer Sheet and fill in the particulars carefully with **blue ball point pen** only.
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question. Leaving all the relevant circles or bubbles of any question blank will not be considered as wrong answer.
8. Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt as per rules.
9. Please correctly fill your Roll Number in O.M.R. Sheet. **5 Marks** can be deducted for filling wrong or incomplete Roll Number.

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted. Department may also debar him/her permanently from all future examinations.

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**

1. ਸ਼ਬਦ ਅਤੇ ਅਰਥ ਦੇ ਪਰਕਿਰਤਕ ਸੰਬੰਧਾਂ ਦੀ ਵਕਾਲਤ ਕਰਦਾ ਹੈ –
(1) ਨਯਾਯ
(2) ਭਰਥਰੀ
(3) ਯਾਸਕ
(4) ਮਿਮਾਂਸਾ

2. 'ਪੌਰਾਣਿਕ ਕਾਵਿ' ਨੂੰ ਕਵਿਤਾ ਦੇ ਕਿਹੜੇ ਵਰਗ ਵਿਚ ਰੱਖਿਆ ਜਾ ਸਕਦਾ ਹੈ –
(1) ਅੰਤਰਮੁਖੀ ਕਵਿਤਾ
(2) ਬਾਹਰਮੁਖੀ ਕਵਿਤਾ
(3) ਨਾਟਕੀ ਕਾਵਿ
(4) ਮੁਕਤਕ ਕਾਵਿ

3. ਭਾਰਤੀ ਕਾਵਿ–ਸ਼ਾਸਤਰ ਵਿਚ ਰਸ ਨਿਸ਼ਪੱਤੀ ਸੰਬੰਧੀ 'ਅਨੁਭਿਤਿਵਾਦ' ਮਤ ਦੇ ਪ੍ਰਤਿਪਾਦਕ ਆਚਾਰੀਆ ਹਨ –
(1) ਅਭਿਨਵ–ਗੁਪਤ
(2) ਭੱਟ ਨਾਇਕ
(3) ਸ਼ੰਕੁਕ
(4) ਭੱਟ ਲੋਲਟ

4. ਪਰਾਧੀਨ ਉਪਵਾਕਾਂ ਦੀ ਸਿਰਜਨਾ ਦੋ ਤਰ੍ਹਾਂ ਨਾਲ ਹੁੰਦੀ ਹੈ –
(1) ਅਧੀਨ ਯੋਜਕਾਂ ਤੇ ਕਿਰਿਆ ਰੂਪਾਂ ਰਾਹੀਂ
(2) ਅਕਾਲਕੀ ਅਤੇ ਕਾਲਕੀ ਕਿਰਿਆ ਰੂਪਾਂ ਰਾਹੀਂ
(3) ਅਧੀਨ ਯੋਜਕਾਂ ਤੇ ਕਾਲਕੀ ਕਿਰਿਆ ਰੂਪਾਂ ਰਾਹੀਂ
(4) ਅਧੀਨ ਯੋਜਕਾਂ ਤੇ ਅਕਾਲਕੀ ਕਿਰਿਆ ਰੂਪਾਂ ਰਾਹੀਂ

5. ਪੰਜਾਬੀ ਭਾਸ਼ਾ ਦਾ ਨਿਕਾਸ ਦਰਾਵੜੀ–ਭਾਸ਼ਾਵਾਂ ਵਿਚੋਂ ਮੰਨਣ ਵਾਲਾ ਵਿਦਵਾਨ ਹੈ –
(1) ਹਰਦੇਵ ਬਾਹਰੀ
(2) ਐਨੁਲਹਕ ਫਰੀਦਕੋਟੀ
(3) ਸੁਨੀਤੀ ਕੁਮਾਰ ਚੈਟਰਜੀ
(4) ਜੋਗਿੰਦਰ ਸਿੰਘ

6. ਕਵਿਤਾ, 'ਕਲਪਨਾ ਅਤੇ ਭਾਵਾਂ ਦੀ ਭਾਸ਼ਾ' ਹੈ – ਕਥਨ ਕਿਸ ਦਾ ਹੈ
(1) ਜਾਨਸਨ
(2) ਹੈਜ਼ਲਿਟ
(3) ਕਾਲਰਿਜ਼
(4) ਕਾਰਲਾਇਲ

7. ਹਾਸ–ਰਸ ਅੰਤਰਗਤ ਸ਼ਰੀਰ ਦੇ ਅੰਗਾਂ ਦੀਆਂ ਊਟ–ਪਟਾਂਗ ਅਤੇ ਅਨੋਖੀਆ ਚੇਸ਼ਟਾਵਾਂ ਨੂੰ, ਵਿਭਾਵ ਦੀ ਕਿਸ ਕਿਸਮ ਅੰਤਰਗਤ ਵਿਚਰਦੀਆਂ ਹਨ –
(1) ਉੱਦੀਪਨ
(2) ਆਲੰਬਨ
(3) ਅਨੁਭਾਵ
(4) ਵਿਯਭਿਚਾਰਿਭਾਵ

8. ਕਾਲਕੀ ਕਿਰਿਆ–ਵਾਕੰਸ਼ ਵਿਚ ਕਿਰਿਆਵੀ ਰੂਪਾਂ ਦੀ ਤਰਤੀਬ ਵਿਚ ਮੁਖ ਕਿਰਿਆ –
(1) ਵਾਕੰਸ਼ ਦੇ ਅਖੀਰ ਵਿਚ ਆਉਂਦੀ ਹੈ
(2) ਵਾਕੰਸ਼ ਦੇ ਦਰਮਿਆਨ ਆਉਂਦੀ ਹੈ
(3) ਵਾਕੰਸ਼ ਦੇ ਸ਼ੁਰੂ ਵਿਚ ਆਉਂਦੀ ਹੈ
(4) ਵਾਕੰਸ਼ ਵਿਚ ਨਹੀਂ ਆਉਂਦੀ ਹੈ

9. ਕਰਤਰੀ ਕਿਰਿਆ ਵਾਕੰਸ਼ ਵਿਚ ਕਿਰਿਆਵੀ ਰੂਪਾਂ ਦੀ ਗਿਣਤੀ –
(1) ਵਧ ਤੋਂ ਵਧ ਚਾਰ
(2) ਵਧ ਤੋਂ ਵਧ ਪੰਜ
(3) ਵਧ ਤੋਂ ਵਧ ਦੋ
(4) ਵਧ ਤੋਂ ਵਧ ਅੱਠ

10. ਜੋ ਸਾਹਿਤ ਵਰਤਮਾਨ ਦੇ ਅੰਤਰ–ਵਿਰੋਧਾਂ ਨੂੰ ਸਮਾਜਵਾਦੀ ਕ੍ਰਾਂਤੀ ਦੇ ਪਰਿਪੇਖ ਤੋਂ ਚਿਤਰਦਾ ਹੈ, ਉਸ ਲਈ ਸਾਹਿਤ–ਸ਼ਾਸਤਰ ਵਿਚ 'ਸਮਾਜਵਾਦੀ ਯਥਾਰਥਵਾਦ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਕਿਸ ਪੱਛਮੀ ਚਿੰਤਕ ਨੇ ਕੀਤੀ –
(1) ਇਬਸਨ
(2) ਤਾਲਸਤਾਏ
(3) ਗੋਰਕੀ
(4) ਰਸੂਲ ਹਮਜ਼ਾਤੋਵ

11. ਇਤਿਹਾਸਕ ਕਾਲਕ੍ਰਮ ਅਨੁਸਾਰ ਸਭ ਤੋਂ ਪਹਿਲੇ ਅਲੰਕਾਰਵਾਦੀ ਆਚਾਰੀਆ ਹਨ –
(1) ਦੰਡੀ
(2) ਭਰਤਮੁਨੀ
(3) ਮੰਮਟ
(4) ਭਾਮਹ

12. "ਵਾਕ ਇਕ ਸੁਤੰਤਰ ਭਾਸ਼ਾਈ ਇਕਾਈ ਹੈ, ਜਿਹੜੀ ਆਪਣੀ ਵਿਆਕਰਨਕ ਵਿਸ਼ੇਸ਼ਤਾ ਕਾਰਨ ਕਿਸੇ ਹੋਰ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦੀ" ਉਪਰੋਕਤ ਕਥਨ ਹੈ –
(1) ਪਰੈਕਸ ਦਾ
(2) ਮੀਲੀਅਟ ਦਾ
(3) ਫ਼ਰਾਇਡ ਦਾ
(4) ਬਲੂਮਫੀਲਡ ਦਾ

13. ਸਕਰਮਕ ਕਿਰਿਆ ਵਾਲੇ ਵਾਕਾਂ ਵਿਚ 'ਨਾਂਵ' ਆਉਂਦੇ ਹਨ –
(1) ਇਕ (2) ਦੋ ਜਾਂ ਤਿੰਨ
(3) ਚਾਰ (4) ਤਿੰਨ ਜਾਂ ਚਾਰ

14. ਆਚਾਰੀਆ ਆਨੰਦ ਵਰਧਨ ਨੇ ਸਾਰੇ ਅਲੰਕਾਰਾਂ ਦਾ ਮੂਲ ਤੱਤ ਕਿਸ ਨੂੰ ਮੰਨਿਆ ਹੈ –
(1) ਔਪਮਯ
(2) ਸ੍ਵਣ
(3) ਅਤਿਸ਼ਯੋਕਤੀ
(4) ਗੂੜ੍ਹਾਰਥਪਰਤਾ

15. ਭਾਰਤੀ ਕਾਵਿ-ਸ਼ਾਸਤਰ ਵਿਚ ਰਸ-ਨਿਸ਼ਪੱਤੀ ਦੇ ਪ੍ਰਸੰਗ ਵਿਚ 'ਸਾਧਾਰਣੀਕਰਣ' ਦੇ ਸਿਧਾਂਤ ਦਾ ਜ਼ਿਕਰ ਹੋਇਆ ਹੈ । ਇਸ ਸਿਧਾਂਤ ਨੂੰ ਸਪਸ਼ਟ ਤੇ ਨਿਸ਼ਚਿਤ ਰੂਪ ਕਿਸ ਆਚਾਰੀਆ ਨੇ ਦਿੱਤਾ ਹੈ –
(1) ਭੱਟ ਨਾਇਕ
(2) ਭੱਟ ਲੋਲਟ
(3) ਭੱਟ ਸ਼ੰਕੁਕ
(4) ਕੁੰਤਕ

16. ਉੱਚੀ ਸੁਰ ਵਿਚ ਉਚਾਰੇ ਗਏ ਸਵਰਾਂ ਦਾ ਉਚਾਰਨ-ਵਕਫ਼ਾ ਹੁੰਦਾ ਹੈ –
(1) ਘੱਟ (2) ਵੱਧ
(3) ਨੇੜਲਾ (4) ਬਹੁਤਾ

17. ਭਾਵਾਂਸ਼ ਵਿਉਂਤ ਵਿਚ –
(1) ਸ਼ਬਦਾਂ ਦੀ ਬਾਹਰੀ ਬਣਤਰ ਦਾ ਅਧਿਅਨ ਕੀਤਾ ਜਾਂਦਾ ਹੈ ।
(2) ਸ਼ਬਦਾਂ ਦੀ ਅੰਦਰੂਨੀ ਬਣਤਰ ਦਾ ਅਧਿਅਨ ਕੀਤਾ ਜਾਂਦਾ ਹੈ ।
(3) ਸ਼ਬਦ-ਸੰਰਚਨਾ ਦੇ ਰਚਨਾਤਮਕ ਅੰਗਾਂ ਦੇ ਅੰਦਰੂਨੀ ਜਾਂ ਪਰਸਪਰ ਸੰਬੰਧਾਂ ਦਾ ਅਧਿਅਨ ਕੀਤਾ ਜਾਂਦਾ ਹੈ
(4) ਸ਼ਬਦਾਂ ਦੀ ਅੰਦਰੂਨੀ ਅਤੇ ਬਾਹਰੀ ਬਣਤਰ ਦਾ ਅਧਿਅਨ ਕੀਤਾ ਜਾਂਦਾ ਹੈ.

18. ਪੱਛਮੀ ਚਿੰਤਕ ਹਡਸਨ ਅਨੁਸਾਰ ਕਾਵਿ ਦੇ ਤੱਤ ਹਨ –
(1) ਵਿਚਾਰ, ਭਾਵ, ਅਨੁਕਰਨ, ਕਾਵਿ-ਭਾਸ਼ਾ
(2) ਬੁੱਧੀ, ਭਾਵ, ਕਲਪਨਾ, ਸ਼ੈਲੀ
(3) ਬੁੱਧੀ, ਭਾਵ, ਬਿੰਬ, ਪ੍ਰਤੀਕ
(4) ਵਿਚਾਰ, ਕਲਪਨਾ, ਬਿੰਬ, ਸ਼ੈਲੀ

19. ਨਾਵਲ ਨੂੰ 'ਰੱਬ ਵੱਲੋਂ ਆਜ਼ਾਦ ਕੀਤੀ ਦੁਨੀਆਂ ਦਾ ਮਹਾਂਕਾਵਿ' ਕਿਹੜੇ ਚਿੰਤਕ ਨੇ ਮੰਨਿਆ ਹੈ –
(1) ਐੱਚ.ਜੀ.ਵੇਲਜ਼
(2) ਰੋਸਨ ਜੈਕਬਸਨ
(3) ਰਿਚਰਡ ਬਰਨਰ
(4) ਜਾਰਜ ਲੂਕਾਚ

20. 'ਅਧਿਆਤਮਿਕਤਾ' ਸ਼ਬਦ ਵਿਚ ਸੰਰਚਨਾ ਦੇ ਅਧਾਰ 'ਤੇ ਇਕਾਈਆਂ ਹਨ –
(1) ਚਾਰ (2) ਤਿੰਨ
(3) ਦੋ (4) ਪੰਜ

21. ਰੂਪ ਵਿਗਿਆਨ ਨੂੰ ਰੂਪ-ਗ੍ਰਾਮ ਵਿਗਿਆਨ ਆਖਿਆ ਹੈ –
(1) ਡਾ. ਪੀ.ਡੀ.ਗੁਣੇ
(2) ਡਾ. ਹਰਕੀਰਤ ਸਿੰਘ
(3) ਵੇਦ ਅਗਨੀਹੋਤਰੀ
(4) ਬਾਬੂ ਰਾਮ ਸਕਸੇਨਾ

22. | ਸੂਚੀ-I (ਕਰਤਾ) | | ਸੂਚੀ-II (ਗ੍ਰੰਥ) |
|---|---|---|---|
| (a) | ਕੁੰਤਕ | (i) | ਕਾਦੰਬਰੀ |
| (b) | ਬਾਣ ਭੱਟ | (ii) | ਕਾਵਯਾਦਰਸ਼ |
| (c) | ਦੰਡੀ | (iii) | ਵਕ੍ਰੋਕਤਿ ਜੀਵਿਤਮ |
| (d) | ਵਾਮਨ | (iv) | ਕਾਵਯਾਲੰਕਾਰ ਸੂਤ੍ਰ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (i) | (ii) | (iv) | (iii) |
| (2) | (iii) | (i) | (iv) | (ii) |
| (3) | (iii) | (i) | (ii) | (iv) |
| (4) | (ii) | (iv) | (iii) | (i) |

23. ਅਰਬੀ ਭਾਸ਼ਾ ਦੇ ਕਿਹੜੇ ਕਾਵਿ-ਰੂਪ ਦੇ 'ਤਸ਼ਬੀਬ' ਵਾਲੇ ਭਾਗ ਤੋਂ ਦਸਵੀਂ ਸਦੀ ਦੇ ਫ਼ਾਰਸੀ ਸਾਹਿਤ ਵਿਚ 'ਗ਼ਜ਼ਲ' ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ –
(1) ਅਫ਼ਸਾਨਾ (2) ਮਸਨਵੀ
(3) ਕਸੀਦਾ (4) ਤਸੱਵੁਫ਼

24. 'ਅਣਪਚੀਆਂ' ਵਿਚ ਮੂਲਾਂਸ਼ ਹੈ –
(1) ਪਚ (2) ਅਣਪਚ
(3) ਅਣ (4) ਈਆਂ

25. ਕਿਹੜਾ ਵਧੇਤਰੀ ਸ਼ਬਦ-ਵਰਗ ਫ਼ਾਰਸੀ ਅਧਾਰਿਤ ਹੈ –
(1) ਨਿਰ – ਨਿਰਬਲ, ਨਿਰਧਨ, ਨਿਰਗੁਣ
(2) ਨਿ – ਨਿਤਾਣਾ ਨਿਕੰਮਾ, ਨਿਡਰ
(3) ਦਾਨ – ਕਲਮਦਾਨ, ਪਾਨਦਾਨ, ਫੁੱਲਦਾਨ
(4) ਲਾ – ਲਾਚਾਰ, ਲਾਦਣਾ, ਲਾਇਲਾਜ਼

26. 'ਅਲੰਕਾਰ ਦੀ ਵਿਉਤਪੱਤੀ ਸੰਬੰਧੀ ਸਿਧਾਂਤ' ਅਲੰਕ੍ਰਿਯਤੇ ਅਨੇਕ ਇਤਿ ਅਲੰਕਾਰਹ ਦਾ ਅਰਥ ਹੈ –
(1) ਜੋ ਕਾਵਿ ਵਿਚ ਰਸ ਪੈਦਾ ਕਰੇ, ਉਹ ਅਲੰਕਾਰ ਹੈ
(2) ਜੋ ਕਾਵਿ ਵਿਚ ਸ਼ਬਦ ਅਤੇ ਅਰਥ ਦਾ ਸੁਮੇਲ ਪੈਦਾ ਕਰੇ, ਉਹ ਅਲੰਕਾਰ ਹੈ
(3) ਜੋ ਸੁਭਾਇਮਾਨ ਕਰਦਾ ਹੈ ਜਾਂ ਸਜਾਉਂਦਾ ਹੈ, ਉਹ ਅਲੰਕਾਰ ਹੈ
(4) ਜਿਸ ਰਾਹੀਂ ਸੋਭਾ ਵਧਾਈ ਜਾਵੇ ਜਾਂ ਸਜਾਵਟ ਕੀਤੀ ਜਾਏ, ਉਹ ਅਲੰਕਾਰ ਹੈ

27. ਡਾ. ਹਰਿਭਜਨ ਸਿੰਘ ਭਾਟੀਆ ਮੁਤਾਬਕ 'ਕਿਸ ਸਾਹਿਤ ਆਲੋਚਕ' ਦਾ ਸਾਰਾ ਬਲ ਸੰਰਚਨਾ ਦੇ ਅਸਲੇ ਤਕ ਪਹੁੰਚਣ ਅਤੇ ਉਹਦੀਆਂ ਅਰਥ-ਦਿਸ਼ਾਵਾਂ ਨੂੰ ਪਛਾਨਣ 'ਤੇ ਹੈ –
(1) ਨਜਮ ਹੁਸੈਨ ਸੱਯਦ
(2) ਡਾ. ਹਰਿਭਜਨ ਸਿੰਘ
(3) ਡਾ. ਅਤਰ ਸਿੰਘ
(4) ਸੰਤ ਸਿੰਘ ਸੇਖੋਂ

28. ਪਹਿਲੀ ਵਾਰ ਭਾਸ਼ਾ ਦੇ ਸਮਕਾਲੀ ਸੰਰਚਨਾਤਮਕ ਅਧਿਅਨ ਦੀ ਪਿਰਤ ਪਾ ਕੇ ਭਾਸ਼ਾ ਵਿਗਿਆਨਕ ਅਧਿਅਨ ਵਿਚ ਨਵਾਂ ਮੋੜ ਲਿਆਂਦਾ –
(1) ਜੌਨ ਲਾਇਨਜ਼ ਨੇ
(2) ਰਾਬਿਨਾਜ਼ ਨੇ
(3) ਮਾਰਤੀਨੇ ਨੇ
(4) ਸੋਸਿਉਰ ਨੇ

29. ਭਾਸ਼ਾ ਵਿਗਿਆਨੀਆਂ ਦਾ ਖਾਸ ਧਿਆਨ ਅਭਿਵਿਅਕਤੀ ਪੱਖ 'ਤੇ ਕੇਂਦਰਿਤ ਹੋਣ ਕਾਰਨ ਕਿਹੜਾ ਪੱਖ ਅਣਗੌਲਿਆ ਰਿਹਾ –
(1) ਸ਼ਬਦ-ਪੱਖ
(2) ਅਰਥ-ਪੱਖ
(3) ਵਰਨਾਤਮਕ ਪੱਖ
(4) ਕਾਵਾਤਮਕ ਪੱਖ

30. ਆਚਾਰੀਆ ਆਨੰਦ ਵਰਧਨ ਨੇ ਭਾਰਤੀ ਕਾਵਿ-ਸ਼ਾਸ਼ਤਰੀ ਸੰਕਲਪ ਕਾਵਿ ਦੀ ਆਤਮਾ ਲਈ ਆਪਣਾ ਧੁਨੀ ਸਿਧਾਂਤ ਪੇਸ਼ ਕੀਤਾ । ਇਸ ਸਿਧਾਂਤ ਅਨੁਸਾਰ 'ਧੁਨੀ' ਤੋਂ ਭਾਵ ਹੈ –
(1) ਰੀਤੀ (2) ਇਤਲਾਹ
(3) ਆਵਾਜ਼ (4) ਰਮਜ਼

31. 'ਵਕ੍ਰੋਕਤਿ ਜੀਵਿਤ' ਗ੍ਰੰਥ ਵਿਚ ਵਕ੍ਰੋਕਤਿ ਦੇ ਕਿੰਨੇ ਭੇਦ ਸਵੀਕਾਰ ਕੀਤੇ ਗਏ ਹਨ –
(1) ਦੋ (2) ਚਾਰ
(3) ਛੇ (4) ਅੱਠ

32. ਬਲੂਮ ਫ਼ੀਲਡ ਅਨੁਸਾਰ ਸੰਰਚਨਾ ਦਾ ਭਾਵ ਬੋਲੀ-ਉਚਾਰ ਦੇ ਭੌਤਿਕ ਅੰਸ਼ਾਂ ਦੀ ਵੰਡ ਹੈ ਅਤੇ ਵੰਡ ਦੀ ਪ੍ਰਕ੍ਰਿਆ 'ਤੇ ਬਲ ਦੇਣਾ ਹੈ; ਇਸ ਨੂੰ ਚੌਮਸਕੀ ਨੇ ਕਿਹੜੀ ਸੰਗਿਆ ਦਿੱਤੀ –
(1) ਗਤੀਸ਼ੀਲ ਸੰਰਚਨਾ
(2) ਵਿਆਪਕ ਸੰਰਚਨਾ
(3) ਗਹਿਨ ਸੰਰਚਨਾ
(4) ਸਤਹੀ ਸੰਰਚਨਾ

33. ਫਰਾਂਸੀਸੀ ਸ਼ਬਦ 'LANGAGE' ਨੂੰ ਵਰਤਿਆ ਜਾਂਦਾ ਹੈ –

(1) ਭਾਸ਼ਾ ਲਈ
(2) ਵਿਸ਼ੇਸ਼ ਭਾਸ਼ਾ ਲਈ
(3) ਲਾਭ ਭਾਸ਼ਾ ਲਈ
(4) ਵਿਆਕਰਨ ਲਈ

34. ਟਰਿਲ ਅਤੇ ਫਲੈਪ ਧੁਨੀਆਂ ਹਨ –

(1) ਰ, ੜ
(2) ਲ, ਲ਼
(3) ਰ, ੜ, ਸ਼
(4) ਸ, ਰ, ੜ

35. ਪੰਜਾਬੀ ਵਿਚ ਉਚਾਰਖੰਡੀ ਬਣਤਰਾਂ ਦੇ ਪ੍ਰਕਾਰ ਹਨ –

(1) ਤਿੰਨ (2) ਚਾਰ
(3) ਪੰਜ (4) ਛੇ

36. 'ਸੰਰਚਨਾਵਾਦੀ ਚਿੰਤਨ ਵਿਚ ਸੰਰਚਨਾ ਦੀ ਧਾਰਣਾ ਇਸ ਪੂਰਬ-ਕਲਪਨਾ ਉਤੇ ਟਿਕੀ ਹੋਈ ਹੈ ਕਿ ਅਰਥ ਦਾ ਕਿਸੇ ਵੀ ਤਰ੍ਹਾਂ ਦਾ ਕੇਂਦਰ ਹੁੰਦਾ ਹੈ।' ਇਹ ਸਥਾਪਨਾ ਕਿਸ ਚਿੰਤਕ ਦੀ ਹੈ –

(1) ਯੱਕ ਲਾਕਾਂ
(2) ਯੱਕ ਦੈਰੀਦਾ
(3) ਸੋਸਿਉਰ
(4) ਜੈਕਬਸਨ

37. "ਮਨੁੱਖ ਜਾਗ੍ਰਿਤ ਅਵਸਥਾ ਵਿਚ ਆਪਣੀਆਂ ਬਹੁਤੀਆਂ ਰੀਝਾਂ ਨੂੰ ਭੋਗਦਾ ਨਹੀਂ, ਉਨ੍ਹਾਂ ਉੱਪਰ ਕੁੰਡਾ ਲਗਾਈ ਰੱਖਦਾ ਹੈ, ਤੇ ਇਹ ਦੱਬੀਆਂ ਰਹਿੰਦੀਆਂ ਹਨ। ਕੁੰਡਾ (censor) ਅਤੇ ਦਮਨ (Repression) ਸੱਭਿਅ ਜੀਵਨ ਜਾਚ ਦੀਆਂ ਦੋ ਅਨਿਵਾਰ ਸ਼ਰਤਾਂ ਹਨ।"
ਉਪਰੋਕਤ ਕਥਨ ਕਿਸ ਪੰਜਾਬੀ ਆਲੋਚਕ ਦਾ ਹੈ –

(1) ਡਾ. ਹਰਿਭਜਨ ਸਿੰਘ
(2) ਅਤਰ ਸਿੰਘ
(3) ਡਾ. ਤਰਲੋਕ ਸਿੰਘ ਕੰਵਰ
(4) ਪ੍ਰੋ. ਕਿਸ਼ਨ ਸਿੰਘ

38. ਗ੍ਰੀਅਰਸਨ ਦੇ ਦੋ ਭਾਸ਼ਾ-ਚੱਕਰਾਂ ਦੀ ਕਲਪਨਾ ਨੂੰ ਰੱਦ ਕੀਤਾ –

(1) ਮੋਹਨ ਸਿੰਘ ਦੀਵਾਨਾ
(2) ਬਨਾਰਸੀ ਦਾਸ ਜੈਨ
(3) ਸੁਨੀਤੀ ਕੁਮਾਰ ਚੈਟਰਜੀ
(4) ਵਿਦਿਆ ਭਾਸਕਰ ਅਰੁਣ

39. ਗੁਰਮੁਖੀ ਲਿਪੀ ਦੀ ਉਤਪੱਤੀ ਦਾ ਸੰਬੰਧ ਬਾਬਾ ਸ੍ਰੀ ਚੰਦ ਨਾਲ ਜੋੜਿਆ ਹੈ –

(1) ਕਵੀ ਕੰਕਨ
(2) ਕਵੀ ਸੰਤੋਖ ਸਿੰਘ
(3) ਗਿ. ਗਿਆਨ ਸਿੰਘ
(4) ਕੇਸਰ ਸਿੰਘ ਛਿੱਬਰ

40. ਜ਼ੀਭ ਦੀ ਸਥਿਤੀ ਦੇ ਆਧਾਰ 'ਤੇ ਵਿਚਕਾਰਲੇ ਸਵਰ ਹਨ –

(1) ਈ, ਏ, ਐ, ਅ (2) ਊ, ਓ, ਔ, ਆ
(3) ਇ, ਉ, ਅ, ਆ (4) ਆ, ਉ, ਐ, ਔ

41. ਵਿਅੰਜਨੀਪ ਤੇ ਸਵਰੀਪ ਭਾਸ਼ਾ ਧੁਨਿਆਂ ਦੇ ਉਜਾਗਰ ਕਰਦੇ ਹਨ –

(1) ਰੂਪ ਨੂੰ
(2) ਕਾਰਜ ਨੂੰ
(3) ਕਾਰਜ ਤੇ ਰੂਪ ਨੂੰ
(4) ਉਪਰੋਕਤ ਕੋਈ ਨਹੀਂ

42. "ਦੁਨੀਆਂ ਦੀ ਅੱਧੀ ਵਸੋਂ ਭਾਵੇਂ ਔਰਤਾਂ ਦੀ ਹੈ, ਪਰ ਉਨ੍ਹਾਂ ਦੀ ਪਹਿਚਾਣ ਮਾਂ, ਭੈਣ, ਪਤਨੀ, ਬੇਟੀ ਕਰਕੇ ਤਾਂ ਹੈ, ਇਨਸਾਨ ਕਰਕੇ ਨਹੀਂ।"
ਉਪਰੋਕਤ ਕਥਨ ਕਿਸ ਨਾਰੀ ਚਿੰਤਕ ਦਾ ਹੈ –

(1) ਅੰਮ੍ਰਿਤਾ ਪ੍ਰੀਤਮ
(2) ਅਜੀਤ ਕੌਰ
(3) ਦਲੀਪ ਕੌਰ ਟਿਵਾਣਾ
(4) ਸੁਖਵਿੰਦਰ ਅੰਮ੍ਰਿਤ

43. 'ਨਾਰੀ ਦੀ ਸਥਿਤੀ ਨੂੰ ਅਬਜੈਕਟ ਤਕ ਘਟਾ ਦਿੱਤਾ ਗਿਆ ਹੈ। ਅਬਜੈਕਟ ਦਾ ਅਰਥ ਸਿਸਟਮ ਦੁਆਰਾ ਵਰਤੀ, ਨਕਾਰੀ ਅਤੇ ਜੀਵੰਤ ਹੋਂਦ ਤੋਂ ਇਨਕਾਰੀ ਕਰ ਦਿੱਤੀ ਗਈ ਚੀਜ਼ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।' ਉਪਰੋਕਤ ਟਿੱਪਣੀ ਕਿਸ ਨਾਲ ਸੰਬੰਧਿਤ ਹੈ –

(1) ਸਿਮੋਨ ਦ ਬੂਆ
(2) ਜੂਲੀਆ ਕ੍ਰਿਸਤੇਵਾ
(3) ਗਾਇਤਰੀ ਸਮੀਵਾਕ
(4) ਹੈਲਨ ਸਿੱਖੂ

44. ਪ੍ਰੋ. ਪ੍ਰਿਤਮ ਸਿੰਘ ਅਨੁਸਾਰ ਗੁਰਮੁਖੀ ਲਿਪੀ ਦਾ ਨਾਂ 'ਗੁਰਮੁਖੀ' ਸਭ ਤੋਂ ਪਹਿਲਾਂ ਪ੍ਰਯੋਗ ਹੋਇਆ ਹੈ –
(1) ਪਦਮਾਵਤ
(2) ਬਾਲਾ ਜਨਮਸਾਖੀ
(3) ਗੁਰੂ ਗ੍ਰੰਥ ਸਾਹਿਬ
(4) ਮੋਹਨ ਦੀਆਂ ਪੋਥੀਆਂ

45. ਪੰਜਾਬੀ ਦੇ ਸੰਜੋਗਾਤਮਕ ਸੁਭਾ ਨੂੰ ਦ੍ਰਿਸ਼ਟੀਗੋਚਰ ਕਰਕੇ ਇਸ ਨੂੰ ਚੌਥੀ ਸਟੇਜ ਵੱਲ ਪਹੁੰਚ ਰਹੀ, ਕਿਸ ਵਿਦਵਾਨ ਨੇ ਦੱਸਿਆ ਹੈ –
(1) ਗ੍ਰੀਅਰਸਨ
(2) ਪ੍ਰੇਮ ਪ੍ਰਕਾਸ਼ ਸਿੰਘ
(3) ਸੁਨੀਤੀਕੁਮਾਰ ਚੈਟਰਜੀ
(4) ਕ੍ਰਿਸ਼ਟੀਫੋਰ ਸ਼ੈਕਲ

46. ਕਈ ਵਾਰ ਭਾਸ਼ਾ ਵਿਚਲੇ ਲਿੰਗ ਦਾ ਨਿਰਣਾ ਨਰ ਤੇ ਮਾਦਾ ਦੇ ਕੁਦਰਤੀ ਲਿੰਗ ਦੇ ਅਧਾਰ 'ਤੇ ਕਰ ਲਿਆ ਜਾਂਦਾ ਹੈ, ਇਸ ਪ੍ਰਕਾਰ ਦਾ ਵਰਤਾਰਾ ਹੁੰਦਾ ਹੈ –
(1) ਵਿਗਿਆਨਕ
(2) ਗੈਰ ਵਿਗਿਆਨਕ
(3) ਵਿਆਕਰਨਕ
(4) ਪਰਿਵਰਤਨ

47. ਕਾਲ ਦਾ ਪੂਰਨ ਪੱਖ ਉਥੇ ਹੁੰਦਾ ਹੈ –
(1) ਜਿਥੇ ਕਾਰਜ ਅਜੇ ਮੁਕਿਆ ਨਹੀਂ
(2) ਜਿਥੇ ਕਾਰਜ ਸੰਬੰਧੀ ਕੋਈ ਸੰਕੇਤ ਨਾ ਮਿਲਦਾ ਹੋਵੇ
(3) ਜਿਥੇ ਕਾਰਜ ਖਤਮ ਹੋ ਗਿਆ ਹੋਵੇ
(4) ਜਿਥੇ ਕਾਰਜ ਅਰੰਭ ਹੋਣਾ ਹੋਵੇ

48. ਕਾਰਲ ਮਾਰਕਸ ਦੁਆਰਾ ਸੰਪਾਦਿਤ ਪਤ੍ਰਿਕਾ ਹੈ –
(1) ਰਨਿਸ਼ ਸਮਾਚਾਰ
(2) ਦਾਸ ਕੈਪੀਟਲ
(3) ਲੈਨਿਨ ਖਾਟ
(4) ਯੁੰਗ ਏਜ਼

49. 'ਕਾਰਨੀਵਲ' (ਮੇਲੇ) ਸਿਧਾਂਤ ਨਾਲ ਸੰਬੰਧਤ ਰੂਪਵਾਦੀ ਚਿੰਤਕ ਹੈ –
(1) ਵਿਕਟਰ ਸ਼ਕਲੋਵਸਕੀ
(2) ਬੋਰਿਸ ਭੋਮਾਸ਼ੇਵਸਕੀ
(3) ਟੈਰੀ ਈਗਲਟਨ
(4) ਮਿਖ਼ਾਈਲ ਬਾਖ਼ਤਿਨ

50.

| ਸੂਚੀ-I (ਸਥਾਪਨਾ) | ਸੂਚੀ-II (ਚਿੰਤਕ) |
|---|---|
| (a) ਸ਼ਬਦ ਦੇ ਦੋ ਪੱਖ ਹਨ- ਇਕ ਸਫੋਟ ਤੇ ਦੂਜਾ ਧੁਨੀ। | (i) ਅਨੰਦਵਰਧਨ |
| (b) ਸ਼ਬਦ ਜਾਂ ਵਾਕ ਦੇ ਦੋ ਪੱਖ ਹਨ-ਇਕ ਪ੍ਰਗਟਾਵਾ ਤੇ ਦੂਜਾ ਭਾਵ। | (ii) ਬੋਧੀਸਖੂਲ |
| (c) ਸ਼ਬਦ ਤੇ ਵਸਤੂ ਦੇ ਸੰਬੰਧ ਵਿਚੋਂ ਅਰਥ ਪੈਦਾ ਨਹੀਂ ਹੁੰਦਾ। | (iii) ਪਤੰਜਲੀ |
| (d) ਸ਼ਬਦ ਦੇ ਕੋਸ਼ੀ ਤੇ ਲੱਖਣਾ ਅਰਥਾਂ ਤੋਂ ਇਲਾਵਾ ਸੁਝਾਊ ਜਾਂ ਵਿਅੰਜਨਾ ਅਰਥ ਵੀ ਹੁੰਦੇ ਹਨ। | (iv) ਭਰਤਰੀਹਰੀ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (iv) | (iii) | (i) | (ii) |
| (2) | (iii) | (ii) | (i) | (iv) |
| (3) | (iii) | (iv) | (ii) | (i) |
| (4) | (iv) | (ii) | (iii) | (i) |

51. ਇਕਾਲਕ ਅਤੇ ਦੁਕਾਲਕ ਅਧਿਅਨ ਭਾਸ਼ਾਈ-ਅਧਿਅਨ ਦੀਆਂ ਵਿਧੀਆਂ ਹੀ ਨਹੀਂ ਸਗੋਂ ਦੋ ਅੰਤਰ ਸੰਬੰਧਤ ਹਨ –
(1) ਸੰਰਚਨਾਵਾਂ
(2) ਪਹੁੰਚ ਵਿਧੀਆਂ
(3) ਸਿਸਟਮ
(4) ਜੁਗਤਾਂ

52. ਵਾਕੰਸ਼ ਬਣਤਰ ਨਿਯਮ ਤੇ ਸ਼ਬਦਾਵਲੀ ਰਲਕੇ ਤਿਆਰ ਕਰਦੇ ਹਨ –
(1) ਭਾਸ਼ਾਈ ਆਧਾਰ
(2) ਧੁਨੀਆਤਮਕ ਬਣਤਰ
(3) ਰੁਪਾਂਤਰੀ ਸਿਧਾਂਤ
(4) ਆਰੰਭਕ ਬਣਤਰ

53. ਸੋਸਿਉਰ ਦੁਆਰਾ 'ਲਾ-ਲਾਂਗੇਯ' ਦੀ ਦੋ-ਪੱਖੀ ਵੰਡ ਨੂੰ ਚੌਮਸਕੀ ਨੇ ਕਿਸ ਰਾਹੀਂ ਪੇਸ਼ ਕੀਤਾ ਹੈ –
(1) ਯੋਗਤਾ ਤੇ ਨਿਭਾ
(2) ਲਾਂਗ ਤੇ ਪੈਰੋਲ
(3) ਸਮਾਜਿਕ ਤੇ ਸਮੂਹਿਕ
(4) ਸਿਰਜਨਾਤਮਕ

54. 'ਅਵਚੇਤਨ ਵੀ ਭਾਸ਼ਾ ਵਾਂਗ ਪੜ੍ਹਿਆਂ ਅਤੇ ਸਮਝਿਆ ਜਾ ਸਕਦਾ ਹੈ ।' ਇਹ ਸਥਾਪਨਾ ਕਿਸ ਪੱਛਮੀ ਵਿਦਵਾਨ ਦੀ ਹੈ –
(1) ਰੋਲਾਂ ਬਾਰਤ (2) ਦੈਰੀਦਾ
(3) ਫੂਕੋ (4) ਲਾਕਾਂ

55. 'ਤਣਾਉ' ਨੂੰ ਆਲੋਚਨਾਤਮਕ ਸੰਕੇਤ ਵਜੋਂ ਵਰਤਿਆ ਹੈ –
(1) ਮਾਰਕਸਵਾਦੀਆਂ ਨੇ
(2) ਸੰਰਚਨਾਵਾਦੀਆਂ ਨੇ
(3) ਨਵਾਲੋਚਕਾਂ ਨੇ
(4) ਰੂਸੀ ਰੂਪਵਾਦੀਆਂ ਨੇ

56. ਮਨੋਵਾਦੀ ਧਾਰਨਾ (MENTALISTIC VIEW) ਦੀ ਵਕਾਲਤ ਕਰਨ ਵਾਲੇ ਭਾਸ਼ਾ ਵਿਗਿਆਨੀ ਧੁਨੀਗ੍ਰਾਮ ਨੂੰ ਮੰਨਦੇ ਹਨ –
(1) ਯਥਾਰਥਕ
(2) ਸੰਕਲਪ
(3) ਧਾਰਨਾ
(4) ਕਲਪਤ

57. ਭਾਸ਼ਾ ਧੁਨੀ ਦੇ ਕਾਰਜਤਾ ਦੇ ਪੱਖ ਤੋਂ ਤਿੰਨ ਪਰਤਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ –
(1) ਧੁਨੀ, ਸਹਿਧੁਨੀ, ਤਰਤੀਬ
(2) ਧੁਨੀ, ਸਹਿਧੁਨੀ, ਧੁਨੀਮ
(3) ਧੁਨੀ, ਸਹਿਧੁਨੀ, ਉਚਾਰਖੰਡ
(4) ਧੁਨੀ, ਸਹਿਧੁਨੀ, ਉਚਾਰਨ

58. "ਆਤਮਿਕ ਜੀਵਨ ਅਸਲ ਵਿਚ ਸਮਾਜਿਕ ਜੀਵਨ ਦਾ ਹੀ ਇਕ ਭਾਗ ਹੈ । ਇਹ ਸਮਾਜ ਤੇ ਸੰਸਾਰ ਤੋਂ ਉਪਰਲੀ ਥਾਂਉਂ ਦਾ ਭਾਗ ਨਹੀਂ ।" – ਕਥਨ ਦੇ ਕਰਤਾ ਹਨ –
(1) ਸੰਤ ਸਿੰਘ ਸੇਖੋਂ
(2) ਕਿਸ਼ਨ ਸਿੰਘ
(3) ਅਤਰ ਸਿੰਘ
(4) ਕੇਸਰ ਸਿੰਘ ਕੇਸਰ

59.

| | ਸੂਚੀ-I (ਕਰਤਾ) | | ਸੂਚੀ-II (ਰਚਨਾ) |
|---|---|---|---|
| (a) | ਦੈਰੀਦਾ | (i) | ਸਟਰਕਚਰਲ ਐਂਥਰੋਪੋਲੋਜੀ |
| (b) | ਲੇਵੀ ਸਤ੍ਰਾਮ | (ii) | ਐਲੀਮੈਂਟਸ ਆਫ ਸਿਮਿਓਲੋਜੀ |
| (c) | ਰੋਲਾਂ ਬਾਰਥ | (iii) | ਮਾਰਕਸਿਜ਼ਮ ਐਂਡ ਲਿਟਰੇਰੀ ਕ੍ਰਿਟੀਸਿਜ਼ਮ |
| (d) | ਟੈਰੀ ਈਗਲਟਨ | (iv) | ਰਾਈਟਿੰਗ ਐਂਡ ਡਿਫਰੈਂਸ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (ii) | (iv) | (iii) | (i) |
| (2) | (iv) | (i) | (ii) | (iii) |
| (3) | (ii) | (iii) | (i) | (iv) |
| (4) | (iv) | (ii) | (i) | (iii) |

60. ਜੇਕਰ ਦੋ ਧੁਨੀਆਂ ਇਕ ਪਰਸੰਗ ਵਿਚ ਬਦਲਵੇਂ ਰੂਪ ਵਿਚ ਆਜਾਣ ਤਾਂ ਉਨ੍ਹਾਂ ਨੂੰ ਕਿਸ ਵੰਨਗੀ ਵਿਚ ਰਖਿਆ ਜਾ ਸਕਦਾ ਹੈ –
(1) ਧੁਨੀਗ੍ਰਾਮ
(2) ਸਹਿਧੁਨੀਗ੍ਰਾਮ
(3) ਵਾਯੂਧਾਰਾ
(4) ਪਾਰਸ਼ਵਿਕ

61. ਖੁੱਲ੍ਹੇ ਉਚਾਰਖੰਡ ਦੇ ਅੰਤ ਵਿਚ ਰੋਕ ਪਾਉ ਨਹੀਂ ਹੁੰਦਾ –
(1) ਸਵਰ ਤੇ ਵਿਅੰਜਨ
(2) ਪਿੱਚ
(3) ਵਿਅੰਜਨ
(4) ਸਵਰ

62. 'ਮਾਹਤੀਨੇ' ਤਾ ਮੱਤ ਹੈ ਕਿ ਭਾਸ਼ਾ ਇਕ –
(1) ਮਨੁੱਖੀ ਸੰਚਾਰ ਪਰਬੰਧ
(2) ਸਵੈਚਾਲਕ ਚਿੰਨ੍ਹ ਪਰਬੰਧ
(3) ਰੂਪ ਪਰਬੰਧ
(4) ਅਰਥ ਪਰਬੰਧ

63. ਭਾਸ਼ਾ ਵਿਗਆਨ ਉਪਲਬਧ ਭਾਸ਼ਾਈ ਨਮੂਨਿਆਂ ਦਾ ਵਿਗਿਆਨਕ ਵਿਧੀ ਦੇ ਅਧਾਰ 'ਤੇ ਨਿਰੀਖਣ ਕਰਕੇ ਕਿਸ ਸਟੇਜ ਉੱਪਰ ਪਹੁੰਚਦਾ ਹੈ –
(1) ਪਰਿਕਲਪਨਾ
(2) ਸੰਸ਼ੋਧਨ
(3) ਸਧਾਰਨੀ ਕਰਨ
(4) ਸ਼ੁੱਧੀਕਰਨ

64.

| | ਸੂਚੀ-I (ਪੁਸਤਕ) | | ਸੂਚੀ-II (ਲੇਖਕ) |
|---|---|---|---|
| (a) | ਵਿਚਾਰਕੀ | (i) | ਰਵਿੰਦਰ ਸਿੰਘ ਰਵੀ |
| (b) | ਸਾਹਿਤਕੀ | (ii) | ਮਨਮੋਹਨ |
| (c) | ਸਾਹਿਤ : ਸਿਧਾਂਤ ਤੇ ਵਿਹਾਰ | (iii) | ਆਤਮਜੀਤ ਸਿੰਘ |
| (d) | ਵਿਰਸਾ ਤੇ ਵਰਤਮਾਨ | (iv) | ਸਤਿੰਦਰ ਸਿੰਘ ਨੂਰ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (iii) | (ii) | (i) | (iv) |
| (2) | (ii) | (iii) | (iv) | (i) |
| (3) | (ii) | (iv) | (i) | (iii) |
| (4) | (iii) | (ii) | (iv) | (i) |

65. ਤੋਮਾਸ਼ੇਵਸਕੀ ਅਨੁਸਾਰ ਪ੍ਰੇਰਕ-ਜੁਗਤਾਂ ਹਨ –
(1) ਦੋ (2) ਚਾਰ
(3) ਤਿੰਨ (4) ਪੰਜ

66. ਕਿਹੜੀਆ ਧੁਨੀਆਂ ਦਾ ਉਚਾਰਨ ਫੇਫੜਿਆਂ ਦੀ ਪੌਣਧਾਰਾ ਵਿਧੀ 'ਤੇ ਆਧਾਰਿਤ ਨਹੀਂ ਹੁੰਦਾ –
(1) ਕੰਠਯੁਕਤ ਧੁਨੀ
(2) ਵਾਯੂ ਧਾਰਾ ਧੁਨੀ
(3) ਪੂਰਕਵੰਡ ਧੁਨੀ
(4) ਸਹਿਧੁਨੀ

67. ਜੇਕਰ ਜੀਭ ਨੂੰ ਜਿਥੋਂ ਤਕ ਹੋ ਸਕੇ ਲਪੇਟ ਕੇ ਧੁਨੀ ਉਤਪੰਨ ਕੀਤੀ ਜਾਵੇ ਤਾਂ ਉਸ ਨੂੰ ਕਿਹਾ ਜਾਂਦਾ ਹੈ –
(1) ਸਪਰਸ਼
(2) ਲੁੰਠਿਤ
(3) ਸੰਘਰਸ਼ੀ
(4) ਉਤਕਸ਼ਿਪਤ

68. ਮਨੁੱਖੀ ਭਾਸ਼ਾ ਦੀ ਸਿਰਜਨ ਸ਼ਕਤੀ ਨੂੰ ਸਾਕਾਰ ਕਰਦੀ ਹੈ –
(1) ਦੁਪੱਖਤਾ
(2) ਵਿਸ਼ੇਸ਼ੀਕਰਨ
(3) ਵੱਖਰਤਾ
(4) ਉਤਪਾਦਨਸ਼ੀਲਤਾ

69. ਜੋ ਵਾਕੰਸ਼ ਉਸਾਰੀ ਨੇਮਾਂ ਦੁਆਰਾ ਸਿਰਜਿਤ ਤਤਣਾਕ ਨੂੰ ਜਾਂ ਰੁਪਾਂਤਰੀ ਨੇਮਾਂ ਦੁਆਰਾਸਿਰਜੇ ਵਿਉਂਤਪਤ ਵਾਕ ਨੂੰ ਉਚਾਰਨ ਦੀ ਪੱਧਰ 'ਤੇ ਸਾਕਾਰ ਕਰਨ –
(1) ਇਥਤਿਆਰੀ ਨੇਮ
(2) ਧੁਨੀਆਤਮਕ ਨੇਮ
(3) ਲਾਜ਼ਮੀ ਨੇਮ
(4) ਰਚਨਾਤਮਕ ਨੇਮ

70. ਅਰਸਤੂ ਦੇ ਅਨੁਕਰਨ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਇਸਨੂੰ 'ਜੀਵਨ ਦੀ ਕਲਪਨਾਤਮਕ ਪੁਨਰ-ਤੁਸਾਰੀ' ਕਿਹਾ ਹੈ –
(1) ਸਕਾਟ ਜੇਮਜ਼ ਨੇ
(2) ਗਿਲਬਰਟ ਸਰੇ ਨੇ
(3) ਐਟਕਿੰਨਜ਼ ਨੇ
(4) ਬੁੱਚਰ ਨੇ

71. ਅਰਸਤੂ ਨੇ ਤ੍ਰਾਸਦੀ ਦੇ ਕਥਾਨਕ ਦਾ ਆਧਾਰ ਮੰਨਿਆ ਹੈ –
(1) ਸਮਾਜ (2) ਧਰਮ
(3) ਸਦਾਚਾਰ (4) ਦੰਦਕਥਾ

72. ਡਾ. ਪਿਸ਼ਲ ਅਨੁਸਾਰ 'ਖੰਭਾ' ਦਾ ਸ੍ਰੋਤ ਸ਼ਬਦ ਵੈਦਿਕ ਵਿਚ ਕਿਹੜਾ ਹੈ –
(1) ਸਤੰਭ (2) ਸੰਭ
(3) ਸਕੰਭ (4) ਖੰਭ

73. ਅਰਥਾਦੇਸ਼ ਦੇ ਅੰਤਰਗਤ 'ਅਸੁਰ' ਸ਼ਬਦ ਦਾ ਰਿਗਵੇਦ ਵਿਚ ਅਰਥ ਹੈ –
(1) ਦੇਵਤਾ (2) ਰਾਖਸ਼
(3) ਭਗਵਾਨ (4) ਰਾਗੀ

74. ਅਮੀਰ ਖੁਸਰੋ ਨੇ ਕਿਹੜੀ ਪੁਸਤਕ ਵਿਚ ਭਾਰਤ ਦੀਆਂ ਪ੍ਰਾਂਤਕ ਬੋਲੀਆਂ ਬਾਰੇ ਜਾਣਕਾਰੀ ਦੇਣ ਦਾ ਹੀਆ ਕੀਤਾ ਹੈ –

(1) ਅਲਹਿੰਦ
(2) ਆਇਨੇ ਅਕਬਰੀ
(3) ਨੂਰ ਸਿਪਿਹਰ
(4) ਕਸ਼ਫੁਲ ਮਹਿਜੂਬ

75. ਬਿਜਿਨ ਵਿਚ ਵਿਆਕਰਨਕ ਪਰਿਵਰਤਨ ਦੀ ਵਿਧੀ ਕਿਸ ਰਾਹੀਂ ਰੂਪਮਾਨ ਹੁੰਦੀ ਹੈ –

(1) ਕਾਰਿਓਲ
(2) ਸੰਪਰਕ ਸਥਿਤੀ
(3) ਭਾਸ਼ਾਈ ਪ੍ਰੇਰਣਾ
(4) ਨੇਮ ਸਿਰਜਨਾ

76. 'ਰਸ ਸਿਧਾਂਤ' (ਅਨੁਵਾਦਿਤ) ਪੁਸਤਕ ਦੇ ਮੂਲ ਲੇਖਕ ਹਨ –

(1) ਭਰਤਮੁਨੀ
(2) ਵਿਸ਼ਵਨਾਥ
(3) ਡਾ. ਪ੍ਰੇਮਪ੍ਰਕਾਸ਼
(4) ਡਾ. ਨਗੇਂਦ੍ਰ

77. ਧੁਨੀ ਸਿਧਾਂਤ ਕਾਵਿਗਤ 'ਰਸ' ਸੰਬੰਧੀ ਧਾਰਨਾ ਪ੍ਰਸਤੁਤ ਕਰਦਾ ਹੈ –

(1) ਰਸ ਵਿਅੰਗਪਰਕ ਹੁੰਦਾ ਹੈ।
(2) ਰਸ ਵਾਚਯ ਪ੍ਰਧਾਨ ਹੁੰਦਾ ਹੈ।
(3) ਰਸ ਸੌਂਦਰਯ ਪ੍ਰਧਾਨ ਹੁੰਦਾ ਹੈ।
(4) ਰਸ ਦਾ ਮਹੱਤਵ ਦ੍ਰਿਸ਼ਯ ਕਾਵਿ ਲਈ ਹੈ।

78. ਨੋਮ ਚੌਮਸਕੀ ਦੁਆਰਾ ਪ੍ਰਸਤੁਤ ਸੰਕਲਪਾਂ ਦੀ ਪਰਕਿਰਤੀ ਹੈ –

(1) ਮਨੋਵਿਗਿਆਨਕ
(2) ਸਮਾਜਕ
(3) ਵਿਗਿਆਨਕ
(4) ਭੁਗੋਲਕ

79. ਕਿਸਨੇ 'ਲੜੀਦਾਰ' ਸੰਬੰਧਾਂ ਨੂੰ 'ਸਹਿਚਾਰੀ' ਸੰਬੰਧ ਕਿਹਾ ਹੈ –

(1) ਨੋਮ ਚੌਮਸਕੀ
(2) ਸੋਸਿਉਰ
(3) ਹਰਜੀਤ ਸਿੰਘ ਗਿੱਲ
(4) ਜੌਨ ਲਾਇਨਜ਼

80. 'ਭਾਰਤੀ ਪ੍ਰਾਚੀਨ ਲਿਪੀ ਮਾਲਾ' ਪੁਸਤਕ ਦੇ ਸੰਪਾਦਕ –

(1) ਬਾਬੂ ਰਾਮ ਸਕਸੇਨਾ
(2) ਬੀਰੇਂਦ ਵਰਮਾ
(3) ਗੌਰੀ ਸ਼ੰਕਰ ਹੀਰਾ ਚੰਦ ਓਝਾ
(4) ਕਿਸ਼ੋਰੀ ਦਾਸ ਬਾਜਪਾਈ

81. ਜੌਨ ਲਾਇਨਜ਼ ਅਨੁਸਾਰ – ਭਾਸ਼ਾ ਦੋ ਤਲਾਂ 'ਤੇ ਕਾਰਜ਼ਸ਼ੀਲ ਹੁੰਦੀ ਹੈ –

(1) ਅਭਿਵਿਅਕਤੀ, ਸ਼ਬਦ
(2) ਸਮਾਜਕ ਸਥਿਤੀ, ਮਨੋਭਾਵ
(3) ਅਭਿਵਿਅਕਤੀ, ਸਿਸਟਮ
(4) ਅਭਿਵਿਅਕਤੀ ਜਾਂ ਪ੍ਰਗਟਾਓ, ਵਸਤੂ

82. ਬੋਲੀ ਦੀ ਨਿਰੰਤਰ ਧਾਰਾ ਵਿਚ ਟੋਟ ਕਿਸ ਦੀ ਨਿਸ਼ਾਨੀ ਹੈ –

(1) ਸੰਗਮ ਦੀ
(2) ਸੁਰ ਦੀ
(3) ਬਲ ਦੀ
(4) ਨਾਸਿਕਤਾ ਦੀ

83. ਜਦੋਂ ਚਿਹਨਕ ਅਤੇ ਚਿਹਨਤ ਦਾ ਸੰਬੰਧ ਕਾਰਨ ਅਧਾਰਤ ਹੋਵੇ –

(1) ਆਈਕੋਨ
(2) ਇੰਡੈਕਸ
(3) ਚਿੰਨ੍ਹ
(4) ਵਾਹਕ

84. 'ਅਤਿਸ਼ਯੋਕਤੀ' (ਅਤਿਕਧਨੀ) ਹੀ ਵਕ੍ਰੋਕਤੀ ਹੈ। ਕਿਸ ਆਚਾਰੀਆ ਦਾ ਕਥਨ ਹੈ –

(1) ਕੁੰਤਕ
(2) ਭਾਮਹ
(3) ਸੰਮਟ
(4) ਦੰਡੀ

85. "ਮਾਰਕਸਵਾਦੀ ਹੋਣਾ ਗੌਰਵ ਵਾਲੀ ਗੱਲ ਹੈ, ਸੰਰਚਨਾਵਾਦੀ ਹੋਣਾ ਨਾ ਗੌਰਵ ਦੀ ਗੱਲ ਹੈ ਨਾ ਮਿਹਣੇ ਦੀ ।" ਕਥਨ ਦੇ ਕਰਤਾ ਹਨ –
(1) ਅਤਰ ਸਿੰਘ
(2) ਕਿਸ਼ਨ ਸਿੰਘ
(3) ਹਰਿਭਜਨ ਸਿੰਘ
(4) ਤਰਲੋਕ ਸਿੰਘ ਕੰਵਰ

86. ਡਾ. ਜਾਰਜ ਅਬਰਾਹੀਮ ਗ੍ਰੀਅਰਸਨ ਨੇ ਕਿੰਨੀਆਂ ਭਾਸ਼ਾਵਾਂ ਤੇ ਉਪਭਾਸ਼ਾਵਾਂ ਦਾ ਸਰਵੇਖਣ ਕੀਤਾ –
(1) 100 ਭਾਸ਼ਾਵਾਂ ਤੇ 300 ਉਪਭਾਸ਼ਾਵਾਂ
(2) 180 ਭਾਸ਼ਾਵਾਂ ਤੇ 150 ਉਪਭਾਸ਼ਾਵਾਂ
(3) 70 ਭਾਸ਼ਾਵਾਂ ਤੇ 544 ਉਪਭਾਸ਼ਾਵਾਂ
(4) 179 ਭਾਸ਼ਾਵਾਂ ਤੇ 544 ਉਪਭਾਸ਼ਾਵਾਂ

87. ਫੋਨੇਟਿਕਸ ਤੇ ਫੋਨਾਲੋਜੀ ਦੋਹਾਂ ਵਿਸ਼ੈ-ਵਸਤੂ ਹੈ –
(1) ਰੂਪ
(2) ਸੰਰਚਨਾ
(3) ਧੁਨੀ
(4) ਸੰਚਾਰ

88. 'ਪ੍ਰੋ. ਅਤਰ ਸਿੰਘ ਸਿਮਰਤੀ ਗ੍ਰੰਥ' ਦੇ ਸੰਪਾਦਕ ਹਨ –
(1) ਕੇਸਰ ਸਿੰਘ ਕੇਸਰ
(2) ਤਰਲੋਕ ਸਿੰਘ ਕੰਵਰ
(3) ਹਰਿਭਜਨ ਸਿੰਘ ਭਾਟੀਆ
(4) ਜਗਬੀਰ ਸਿੰਘ

89. ਭਰਤਮੁਨੀ ਨੇ ਕਿਹੜੇ ਸਾਹਿਤ ਰੂਪ ਨੂੰ 'ਪ੍ਰਸਾਦਨਮ੍' ਕਿਹਾ ਹੈ –
(1) ਨਾਟ
(2) ਉਪਨਿਆਸ
(3) ਕਵਿਤਾ
(4) ਗੱਦ

90. ਰੂਸੀ ਰੂਪਵਾਦ ਨਾਲ ਸੰਬੰਧਿਤ ਸੰਕਲਪ ਹੈ –
(1) ਉਦਾਤ
(2) ਅਨੁਕਰਨ
(3) ਅਜਨਬੀਕਰਨ
(4) ਚਿਹਨ

91. 'ਸਾਹਿਤ ਨਕਲ ਦੀ ਨਕਲ (ਅਨੁਕਰਨ ਦਾ ਅਨੁਕਰਨ) ਹੋਣ ਕਰਕੇ ਸੱਚ ਤੋਂ ਦੋ ਦਰਜੇ ਪਰਾਂ ਹੈ ।' ਸਥਾਪਨਾ ਕਿਸ ਚਿੰਤਕ ਦੀ ਹੈ –
(1) ਸੋਸਿਉਰ
(2) ਲੰਜਾਈਨਸ
(3) ਅਰਸਤੂ
(4) ਪਲੈਟੋ

92. ਲੇਖਕ ਤੇ ਰਚਨਾ ਦਾ ਕਿਹੜਾ ਜੁੱਟ ਸਹੀ ਹੈ –
(1) ਰੂਪਕੀ – ਹਰਿਭਜਨ ਸਿੰਘ
(2) ਸਾਹਿਤ ਦੀ ਸਮਾਝ – ਅਤਰ ਸਿੰਘ
(3) ਦ੍ਰਿਸ਼ਟੀਕੋਣ – ਕਿਸ਼ਨ ਸਿੰਘ
(4) ਸਿਸਟਮੀ – ਸਤਿੰਦਰ ਸਿੰਘ

93.

| | ਸੂਚੀ-I (ਰਚਨਾ) | | ਸੂਚੀ-II (ਲੇਖਕ) |
|---|---|---|---|
| (a) | ਸਮਦਰਸ਼ਨ | (i) | ਨਜਮ ਹੁਸੈਨ ਸੱਯਦ |
| (b) | ਵਿਹਾਰਕ ਸਮੀਖਿਆ | (ii) | ਕਿਸ਼ਨ ਸਿੰਘ |
| (c) | ਕਲਚਰਲ ਇਨਕਲਾਬ | (iii) | ਸਤਿੰਦਰ ਸਿੰਘ |
| (d) | ਸੇਧਾਂ ਸਾਰਾਂ ਅਤੇ ਹੋਰ ਲੇਖ | (iv) | ਅਤਰ ਸਿੰਘ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (iv) | (ii) | (i) | (iii) |
| (2) | (ii) | (iv) | (iii) | (i) |
| (3) | (iv) | (iii) | (ii) | (i) |
| (4) | (i) | (iii) | (iv) | (ii) |

94. ਰੁਪਾਂਤਰੀ ਵਿਆਕਰਨ ਵਿਚ –
(1) ਸ਼ਬਦ ਦੀ ਥਾਂ ਵਾਕੰਸ਼ ਨੂੰ ਵਧੇਰੇ ਢੁਕਵਾਂ ਅੰਸ਼ ਮੰਨਿਆ ਗਿਆ ਹੈ
(2) ਵਾਕ ਸ਼ਬਦਾਂ ਨਾਲ ਬਣਦਾ ਹੈ
(3) ਸ਼ਬਦ ਅਤੇ ਵਾਕੰਸ਼ ਨੂੰ ਢੁਕਵਾਂ ਅੰਸ਼ ਮੰਨਿਆ ਗਿਆ ਹੈ
(4) ਸ਼ਬਦ ਨੂੰ ਵਧੇਰੇ ਢੁਕਵਾਂ ਅੰਸ਼ ਮੰਨਿਆ ਹੈ

95. ਰੁਪਾਂਤਰੀ ਪਿਛੇਤਰ ਸ਼ਬਦ ਦੀ ਬਣਤਰ ਵਿਚ ਵਿਚਰਦੇ ਹਨ –
(1) ਅਰੰਭ ਵਿਚ
(2) ਅੰਤ ਵਿਚ
(3) ਵਿਚਕਾਰ
(4) ਅਰੰਭ ਤੇ ਅੰਤ ਵਿਚ

96. | ਸੂਚੀ-I (ਪਤ੍ਰਿਕਾ) | | ਸੂਚੀ-II (ਅਦਾਰਾ)
|---|---|---|---|
| (a) | ਖੋਜ ਪਤ੍ਰਿਕਾ | (i) | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| (b) | ਖੋਜ ਦਰਪਣ | (ii) | ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ |
| (c) | ਪਰਖ | (iii) | ਗੁਰੂਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| (d) | ਆਲੋਚਨਾ | (iv) | ਪੰਜਾਬੀ ਯੂਨੀਵਰਸਿਟੀ, ਪਟਿਆਲਾ |

ਉਪਰੋਕਤ ਸੂਚੀ-I ਅਤੇ ਸੂਚੀ-II ਦਾ ਸਹੀ ਮਿਲਾਨ ਕਰੋ –

| | (a) | (b) | (c) | (d) |
|---|---|---|---|---|
| (1) | (iii) | (iv) | (ii) | (i) |
| (2) | (iv) | (iii) | (i) | (ii) |
| (3) | (iii) | (iv) | (i) | (ii) |
| (4) | (iv) | (iii) | (ii) | (i) |

97. ਸਾਹਿਤ ਨੂੰ ਸਮਾਜ ਦਾ 'ਦਿਲ' ਕਹਿੰਦਾ ਹੈ –
(1) ਗੌਇਟੇ
(2) ਐਮਰਸਨ
(3) ਮੈਥਿਊ ਆਰਨਲਡ
(4) ਗੋਰਕੀ

98. ਕਲਾਤਮਕ ਦ੍ਰਿਸ਼ਟੀ ਤੋਂ ਸਫਰਨਾਮੇ ਦੇ ਵਰਗ ਹਨ –
(1) ਦੋ (2) ਚਾਰ
(3) ਛੇ (4) ਅੱਠ

99. 'ਸਵੈਜੀਵਨੀ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਕਰਨ ਵਾਲੇ –
(1) ਸੇਂਟ ਅਗਸਟਨ
(2) ਜੌਨ ਬਨੀਅਨ
(3) ਰੌਬਰਟ ਸਾਊਥਲੇ
(4) ਗੌਇਥੇ

100. ਪੰਜਾਬੀ ਤੇ ਲਹਿੰਦੀ ਵਿਚ 'ਸੁਰ' (Tone) ਦਾ ਵਿਕਾਸ ਕ੍ਰਮ –
(1) ਸੰਸਕ੍ਰਿਤ ਵਿਸਰਗਾਂ ਦਾ ਸੁਰ ਵਿਚ ਬਦਲਾਵ ਹੋਇਆ
(2) ਸੰਸਕ੍ਰਿਤ ਦੇ / ਅ / ਦਾ ਸੁਰ ਵਿਚ ਬਦਲਾਵ ਹੋਇਆ
(3) ਸੰਸਕ੍ਰਿਤ ਦੇ / ਹ / ਦਾ ਸੁਰ ਵਿਚ ਬਦਲਾਵ ਹੋਇਆ
(4) ਸੰਸਕ੍ਰਿਤ ਦੇ / ਸ / ਦਾ ਰੂਪਾਂਤਰਣ ਪਹਿਲਾਂ 'ਹ' ਹੋਇਆ ਤੇ ਫੇਰ ਸੁਰ ਵਿਚ ਬਦਲਿਆ

101. ਅਖੰਡੀ ਧੁਨੀਆਂ ਦੇ ਅੰਤਰਗਤ ਅਧਿਅਨ ਦਾ ਵਿਸ਼ਾ ਬਣਾਇਆ ਜਾਂਦਾ ਹੈ –
(1) ਸੁਰ, ਵਾਕ-ਸੁਰ, ਦਬਾ ਤੇ ਵਿਅੰਜਨ
(2) ਸੁਰ, ਪਿੱਚ, ਤੀਬਰਤਾ, ਦੁਹਰੁਕਤੀ
(3) ਸੁਰ, ਨਾਸਿਕਤਾ, ਦਬਾ, ਅਰਥ-ਸਵਰ
(4) ਪਿਚੱ, ਸੁਰ, ਵਾਕ-ਸੁਰ, ਨਾਸਿਕਤਾ ਤੇ ਦਬਾ

102. ਗੀਤ ਦੇ ਹਰ ਬੰਦ ਦੇ ਅੰਤ ਵਿਚ ਵਾਰ-ਵਾਰ ਆਉਣ ਵਾਲੀ ਪੰਕਤੀ ਨੂੰ ਕਹਿੰਦੇ ਹਨ –
(1) ਸੁਰ (2) ਲੈਅ
(3) ਤਾਲ (4) ਟੇਕ

103. "ਜੀਵਨੀ ਮਨੁੱਖ ਦਾ ਅਜਿਹਾ ਲਿਬਾਸ (ਪੁਸ਼ਾਕ) ਹੈ, ਜਿਸ ਵਿਚ ਝਰੋਖੇ ਹੁੰਦੇ ਹਨ ਅਤੇ ਜਿਸ ਨੂੰ ਮਨੁੱਖ ਆਪ ਖ਼ੁਦ ਨਹੀਂ ਲਿਖ ਸਕਦਾ ।" ਉਪਰੋਕਤ ਕਥਨ ਦੇ ਸਿਰਜਕ ਵਿਦਵਾਨ ਹਨ –
(1) ਮਾਰਕ ਟਵੇਨ
(2) ਧਰਮ ਚੰਦ ਵਾਤਿਸ਼
(3) ਜਾਨਸਨ
(4) ਨਰਿੰਦਰ ਸਿੰਘ ਕਪੂਰ

104. ਨਾਸਕੀ ਧੁਨੀਆਂ 'ਙ', 'ਞ' ਨਹੀਂ ਉਚਾਰੀਆਂ ਜਾਂਦੀਆਂ –
(1) ਮਲਵਈ, ਦੁਆਬੀ, ਪੁਆਧੀ
(2) ਮਾਝੀ, ਲਹਿੰਦੀ, ਦੁਆਬੀ
(3) ਮਲਵਈ, ਮਾਝੀ, ਦੁਆਬੀ
(4) ਮਲਬਈ, ਪੁਆਧੀ, ਲਹਿੰਦੀ

105. ਰੂਪਵਾਦੀ ਵਿਆਕਰਨਕਾਰ ਛੋਟੀ ਤੋਂ ਛੋਟੀ ਵਿਆਕਰਨਕ ਇਕਾਈ ਨੂੰ ਮੰਨਦੇ ਹਨ –
(1) ਸ਼ਬਦ (2) ਬੰਧੇਜੀ
(3) ਭਾਵੰਸ਼ (4) ਸੁਤੰਤਰ

**106.** ਨਿਬੰਧ ਨੂੰ ਮਨ ਦਾ ਖੁੱਲ੍ਹਾ ਪ੍ਰਗਟਾਵਾ, ਬੇਤਰਤੀਬਾ, ਉਘੜਾ-ਦੁਘੜਾ ਤੇ ਅਣਪਚਿਆ ਟੋਟਾ ਕਿਹਾ ਹੈ –

(1) ਐਮਰਸਨ ਨੇ

(2) ਜਾਨਸਨ ਨੇ

(3) ਕਾਰਲਾਇਲ ਨੇ

(4) ਬੇਕਨ ਨੇ

**107.** 'ਇਕਾਂਗੀ ਇਕੋ ਘਟਨਾ ਨੂੰ ਇਕ ਅਜਿਹੇ ਦ੍ਰਿਸ਼ਟੀਕੋਣ ਤੋਂ ਜਾਂਚਦਾ ਹੈ, ਅਜਿਹੇ ਤਰੀਕੇ ਨਾਲ ਪੇਸ਼ ਕਰਦਾ ਹੈ ਕਿ ਉਹ ਇਕ ਸਿਖਰ ਉੱਤੇ ਪੁਜ ਕੇ ਇਕ ਨਾਟਕੀ ਭਰਮ ਨਾਲ ਮੁਕ ਜਾਂਦਾ ਹੈ।' ਕਥਨ ਦੇ ਕਰਤਾ ਹਨ –

(1) ਰੋਸ਼ਨ ਲਾਲ ਆਹੂਜਾ

(2) ਬਲਵੰਤ ਗਾਰਗੀ

(3) ਡਾ. ਨਗੇਂਦ੍ਰ

(4) ਸੰਤ ਸਿੰਘ ਸੇਖੋਂ

**108.** ਕਵਿਤਾ ਦੇ ਵਿਹਾਰਕ ਅਧਿਐਨ ਨਾਲ ਸੰਬੰਧਿਤ ਪੰਜਾਬੀ ਚਿੰਤਨ ਦੀ ਪਹਿਲੀ ਪ੍ਰਮਾਣਕ ਰਚਨਾ ਹੈ –

(1) ਕਿਰਿਆ ਪ੍ਰਤੀਕਿਰਿਆ

(2) ਪੰਜਵਾਂ ਚਿਰਾਗ

(3) ਵਿਹਾਰਕ ਸਮੀਖਿਆ

(4) ਰੂਪਕੀ

**109.** ਪ੍ਰਸਿੱਧ ਚਿੰਤਕ ਕਿਸ਼ਨ ਸਿੰਘ ਸੂਫੀ ਕਾਵਿ ਸਮੀਖਿਆ ਸਮੇਂ ਦੋਂ ਕਿਹੜੀਆਂ ਮੂਲ ਇਕਾਈਆਂ ਚੁਣਦਾ ਹੈ –

(1) ਦਰਵੇਸ਼ ਤੇ ਦੁਨੀਆਦਾਰ

(2) ਨਾਮ ਤੇ ਮਾਇਆ

(3) ਹੱਕ ਤੇ ਹਲਾਲ

(4) ਤਰੀਕਤ ਤੇ ਮਾਰਫ਼ਤ

**110.** 'ਅਣ' ਅਗੇਤਰ ਕਿਸ ਸ਼ਰੇਣੀ ਨਾਲ ਸੰਜੁਗਤ ਹੋ ਕੇ ਨਵੇਂ ਸ਼ਬਦ ਦੀ ਰਚਨਾ ਕਰਦਾ ਹੈ –

(1) ਨਾਂਵ ਸ਼ਰੇਣੀ

(2) ਕਿਰਿਆ ਸ਼ਰੇਣੀ

(3) ਯੋਜਕ ਸ਼ਰੇਣੀ

(4) ਨਿਪਾਤ ਸ਼ਰੇਣੀ

**111.** ਰੂਪਵਾਦੀਆਂ ਦੇ ਅਜਨਬੀਕਰਨ ਦੇ ਸਿਧਾਂਤ ਨਾਲ ਮੇਲ ਖਾਂਦਾ ਸ਼ੈਲੀ ਵਿਗਿਆਨਕ ਪ੍ਰਵਰਗ ਹੈ –

(1) ਪ੍ਰਤਿਮਾਨ

(2) ਸੰਕੇਤੀਕਰਨ

(3) ਬਹੁਕਾਲਕ

(4) ਪਰਾਹਨ

**112.** ਡਾ. ਹਰਿਭਜਨ ਸਿੰਘ ਨੇ ਪ੍ਰੇਮਪ੍ਰਕਾਸ਼ ਦੀ ਕਿਹੜੀ ਕਹਾਣੀ ਦਾ 'ਪੜ੍ਹਤ-ਪਾਠ' ਤਿਆਰ ਕੀਤਾ ਹੈ –

(1) ਮੁਕਤੀ

(2) ਸ਼ਵੇਤਾਂਬਰ ਨੇ ਕਿਹਾ ਸੀ

(3) ਬੰਗਲਾ

(4) ਡੈੱਡਲਾਈਨ

**113.** 'ਮਾਰਕਸਵਾਦੀ ਪੰਜਾਬੀ ਆਲੋਚਨਾ' ਪੁਸਤਕ ਦੇ ਕਰਤਾ ਹੈ –

(1) ਰਵਿੰਦਰ ਸਿੰਘ ਰਵੀ

(2) ਸੰਤ ਸਿੰਘ ਸੇਖੋਂ

(3) ਕਿਸ਼ਨ ਸਿੰਘ

(4) ਸੁਰਜੀਤ ਸਿੰਘ ਭੱਟੀ

**114.** ਆਚਾਰੀਆ ਕੁੰਤਕ ਰਚਿਤ 'ਵਕ੍ਰੋਕਤੀ ਜੀਵਿਤ' ਦਾ ਪੰਜਾਬੀ ਅਨੁਵਾਦ ਕਰਨ ਵਾਲਾ ਵਿਦਵਾਨ ਹੈ –

(1) ਰਤਨ ਸਿੰਘ ਜੱਗੀ

(2) ਪਿਆਰਾ ਸਿੰਘ ਪਦਮ

(3) ਡਾ. ਰਵਿੰਦਰ ਕੌਰ

(4) ਡਾ. ਧਨਵੰਤ ਕੌਰ

**115.** ਸੰਨ 1916 ਵਿਚ 'ਸੋਸਾਇਟੀ ਫਾਰ ਦੀ ਸਟੱਡੀ ਆਫ਼ ਪੋਇਟਿਕ ਲੈਂਗੁਏਜ' ਦੀ ਸਥਾਪਨਾ ਹੋਈ –

(1) ਪੀਟਰਜ਼ ਬਰਗ

(2) ਮਾਸਕੋ

(3) ਲੈਨਿਨਗ੍ਰਾਦ

(4) ਪੈਤ੍ਰੋਗਰਾਦ

116. ਉੱਦਾਤ ਸ਼ੈਲੀ ਦੇ ਸੋਮਿਆਂ ਦਾ ਸਾਂਝਾ ਆਧਾਰ ਹੈ –
(1) ਬੌਧਿਕ ਨਵੀਨਤਾ
(2) ਉੱਤਮ-ਪਦਾਵਲੀ
(3) ਪ੍ਰਗਟਾਵੇ ਦੀ ਸ਼ਕਤੀ
(4) ਉੱਦਾਤੀਕਰਨ

117. ਆਚਾਰੀਆ ਮੰਮਟ ਨੇ 'ਸ਼ਾਂਤ' ਨੂੰ ਨੌਵਾਂ ਰਸ ਮੰਨਦੇ ਹੋਏ ਇਸਦਾ ਸਥਾਈ ਭਾਵ ਕਿਸ ਨੂੰ ਨਿਸ਼ਚਿਤ ਕੀਤਾ ਹੈ –
(1) ਨਿਰਵੇਦ
(2) ਵਤਸਲ
(3) ਭਦਤੀ
(4) ਸ਼ਮ

118. 'ਅੱਧਕ' ਦਾ ਵਿਕਾਸ ਦੇਵਨਗਰੀ ਦੇ ਚੰਦਰਬਿੰਦੂ ਤੋਂ ਮੰਨਦਾ ਹੈ –
(1) ਕਾਨ੍ਹ ਸਿੰਘ ਨਾਭਾ
(2) ਤਰਲੋਚਨ ਸਿੰਘ ਬੇਦੀ
(3) ਕਾਲਾ ਸਿੰਘ ਬੇਦੀ
(4) ਜੀ.ਬੀ. ਸਿੰਘ

119. ਗੁਰਮੁਖੀ ਲਿਪੀ ਦੀ ਪ੍ਰਥਮ ਰਚਨਾ ਨੂੰ ਸੰਪਾਦਤ ਕਰਕੇ ਪ੍ਰਕਾਸ਼ਿਤ ਕੀਤਾ -
(1) ਪਿਆਰ ਸਿੰਘ
(2) ਤਨਲੋਚਨ ਸਿੰਘ ਬੇਦੀ
(3) ਬਾਵਾ ਬੁਧ ਸਿੰਘ
(4) ਬਿਲਿਅਮ ਕੈਰੀ

120. 'ਨਿਬੰਧ' ਸਾਹਿਤ ਰੂਪ ਦਾ ਜਨਮਦਾਤਾ ਮੰਨਿਆ ਜਾਂਦਾ ਹੈ –
(1) ਲਿਟਲ ਵੀ. ਗਰੈਗਰੀ
(2) ਮਿਸ਼ਲ ਦਾ ਮੌਂਤੇਨ
(3) ਸਟੀਵ ਜਾਨਸਨ
(4) ਔਲਿਵਰ ਗੋਲਡ ਸਮਿੱਥ

121. ਸ਼ਿਲਪ ਪ੍ਰਧਾਨਤਾ ਉੱਪਰ ਜ਼ੋਰ ਦੇਣ ਵਾਲਾ ਸਮਾਲੋਚਕ ਹੈ –
(1) ਅਰਸਤੂ
(2) ਪਲੈਟੋ
(3) ਸੌਸਿਊਰ
(4) ਲੌਨਜਾਈਨਸ

122. ਸੰਭਾਵੀ ਸਹਾਇਕ ਕਿਰਿਆ ਦਾ ਰੂਪ ਹੁੰਦਾ ਹੈ –
(1) ਵਚਨ, ਲਿੰਗ ਅਨੁਸਾਰ
(2) ਪੁਰਖ, ਲਿੰਗ ਅਨੁਸਾਰ
(3) ਵਚਨ, ਲਿੰਗ, ਪੁਰਖ ਅਨੁਸਾਰ
(4) ਪੁਰਖ, ਵਚਨ ਅਨੁਸਾਰ

123. ਪੰਜਾਬੀ ਵਿਚ ਦੁਤੀਕਰਨ ਦੀ ਪ੍ਰਵਿਰਤੀ ਦਾ ਸ੍ਰੋਤ ਬਿੰਦੂ ਹੈ –
(1) ਪਾਲੀ
(2) ਸੰਸਕ੍ਰਿਤ
(3) ਪ੍ਰਾਕ੍ਰਿਤ
(4) ਅਪਭ੍ਰੰਸ਼

124. ਵੇਖ ਵੇਖ ਸੂਰਜ ਦਾ ਘੋਰਾ
ਚੇਤੇ ਆਵੇ ਖ਼ੇਹਨੂੰ ਤੇਰਾ
ਜਿਉਂ ਜਿਉਂ ਪੈਂਦਾ ਜਾਏ ਹਨੇਰਾ
ਤਿਉਂ ਤਿਉਂ ਨ੍ਹੇਰ ਮਚਾਵਣ ਜ਼ੁਲਫ਼ਾਂ ਤੇਰੀਆਂ।
ਉਪਰੋਕਤ ਕਾਵਿ ਸਤਰਾਂ ਵਿਚ ਧੁਨੀ ਸਿਧਾਂਤ ਦੇ ਕਿਹੜੇ ਧੁਨੀ ਭੇਦ ਦਾ ਨਿਰੂਪਣ ਹੈ –
(1) ਵਸਤੂ ਤੇ ਅਲੰਕਾਰ
(2) ਵਸਤੂ ਤੇ ਰਸ
(3) ਅਲੰਕਾਰ ਤੇ ਰਸ
(4) ਸਿਰਫ਼ ਵਸਤੂ

125. ਕਿਹੜੇ ਰੂਪਾਕਾਰ ਨੂੰ ਪਰਿਭਾਸ਼ਾ-ਬੱਧ ਕਰਨ ਸਮੇਂ 'ਰੂਪਾਕਾਰ ਵਿਰੋਧੀ', 'ਪ੍ਰਤੀਮਾਨ ਵਿਰੋਧੀ', 'ਨਿਯਮ ਬਾਹਰਾ' ਅਤੇ 'ਥੋੜ੍ਹ-ਚਿਰਾ' ਕਿਹਾ ਜਾਂਦਾ ਹੈ –
(1) ਨਾਵਲ
(2) ਇਕਾਂਗੀ
(3) ਸਫ਼ਰਨਾਮਾ
(4) ਰੇਖਾਚਿੱਤਰ

126. ਅਰਥ ਵਿਗਿਆਨ ਨੂੰ ਭਾਸ਼ਾ ਵਿਗਿਆਨ ਦਾ ਵਿਸ਼ਾ ਨਹੀਂ ਮੰਨ ਦਾ –
(1) ਬਲੂਮਫੀਲਡ
(2) ਸੋਸਿਊਰ
(3) ਉੱਜਲ ਸਿੰਘ ਬਾਹਰੀ
(4) ਬਾਬੂ ਰਾਮ ਸਕਸੇਨਾ

127. ਬਹੁਅਰਥਕਤਾ ਤੇ ਸਮਰੂਪਕਤਾ ਵਿਚ ਭੇਦ –
(1) ਬਹੁਅਰਥਕਤਾ ਵਿਚ ਸ਼ਬਦਾਂ ਦਾ ਸਰੋਤ ਨਿਰੁਕਤੀ ਪੱਖ ਤੋਂ ਭਿੰਨ ਤੇ ਸਮਰੂਪਕਤਾ ਵਿਚ ਸ਼ਬਦਾਂ ਦਾ ਸਰੋਤ ਇਕ ਹੁੰਦਾ ਹੈ
(2) ਬਹੁਅਰਥਕਤਾ ਵਿਚ ਸ਼ਬਦਾਂ ਦਾ ਸਰੋਤ ਨਿਰੁਕਤੀ ਪੱਖ ਤੋਂ ਇਕ ਤੇ ਸਮਰੂਪਕਤਾ ਵਿਚ ਸ਼ਬਦਾਂ ਦਾ ਸਰੋਤ ਭਿੰਨ ਹੁੰਦਾ ਹੈ
(3) ਬਹੁਅਰਥਕਤਾ ਤੇ ਸਮਰੂਪਕਤਾ ਵਿਚ ਸ਼ਬਦਾਂ ਦਾ ਸਰੋਤ ਨਿਰੁਕਤੀ ਪੱਖ ਤੋਂ ਇਕ ਹੁੰਦਾ ਹੈ
(4) ਉਪਰੋਕਤ ਵਿਚੋਂ ਕੋਈ ਨਹੀਂ

128. ਕਾਮੂ ਨੇ ਆਧੁਨਿਕ ਮਨੁੱਖ ਦੀ ਸਥਿਤੀ ਜਾਂ ਹੋਣੀ ਬਾਰੇ ਚੇਤੰਨਤਾ ਨੂੰ ਕਿਸ ਮਿਥਾ ਰਾਹੀਂ ਅੰਕਿਤ ਕੀਤਾ ਹੈ –
(1) ਪੈਰਾਡਾਈਜ਼
(2) ਪੈਰਾਡਾਈਮ
(3) ਸਬਲਾਈਮ
(4) ਸਿਸੀਫਸ

129. 'ਨੋਵੇਲਾ' (Novella) ਸ਼ਬਦ ਦਾ ਮੂਲ ਅਰਥ ਹੈ –
(1) ਘਟਨਾ
(2) ਖ਼ਬਰ
(3) ਰੂਪ
(4) ਸਥਾਪਿਤ ਕਰਨਾ

130. ਪੁਆਧੀ ਉਪਬੋਲੀ ਦਾ ਅਧਿਅਨ ਸਭ ਤੋਂ ਪਹਿਲਾਂ ਕੀਤਾ –
(1) ਡਾ. ਆਤਮਾ ਸਿੰਘ
(2) ਡਾ. ਬਲਵੀਰ ਸਿੰਘ ਸੰਧੂ
(3) ਡਾ. ਹਰਕੀਰਤ ਸਿੰਘ
(4) ਆਸ਼ਾਨੰਦ ਵੋਹਰਾ

131. ਪੁਰਾਤਨ ਪੰਜਾਬੀ ਅਪਭ੍ਰੰਸ਼-ਮਿਸ਼ਰਿਤ ਵਿਚ ਲਿਖੀ ਰਚਨਾ ਹੈ –
(1) ਪਦਾਵਲੀ
(2) ਵਰਣ ਰਤਨਾਕਰ
(3) ਸੰਦੇਸ਼ ਰਾਸਕ
(4) ਗਿਆਨੇਸ਼ਵਰੀ

132. 'ਬੇਗਾਨਗੀ' ਦੇ ਥੀਮ ਨਾਲ ਸੰਬੰਧਿਤ ਵਾਦ ਹੈ –
(1) ਰਹੱਸਵਾਦ
(2) ਯਥਾਰਥਵਾਦ
(3) ਆਧੁਨਿਕਤਾਵਾਦ
(4) ਸਮਾਜਵਾਦੀ ਯਥਾਰਥਵਾਦ

133. "ਬਿੰਬ ਕਿਸੇ ਭਾਵ ਨੂੰ ਚਿਤਰਨ, ਲਿਸ਼ਕਾਉਣ ਜਾਂ ਮੂਰਤੀਮਾਨ ਕਰਨ ਲਈ ਸਦਾ ਉਪਯੋਗੀ ਹੁੰਦਾ ਹੈ ।" ਉਪਰੋਕਤ ਕਥਨ ਕਿਸ ਪੱਛਮੀ ਚਿੰਤਕ ਦਾ ਹੈ –
(1) ਸੀ.ਡੀ. ਲੀਵਿਸ
(2) ਵਰਡਜ਼ਵਰਥ
(3) ਆਈ.ਏ.ਰਿਚਰਡਜ਼
(4) ਜੇਮਜ਼ ਰੀਵਜ਼

134. ਪੰਜਾਬੀ ਵਿਚ ਕਿਹੜੀ ਧੁਨੀ ਵੈਦਿਕ ਸੰਸਕ੍ਰਿਤ ਤੋਂ ਲਈ ਗਈ ਹੈ –
(1) ਪਾਰਸ਼ਵਿਕ
(2) ਨਾਸਕੀ
(3) ਸੰਘਰਸ਼ੀ
(4) ਸੁਰਖੰਡਰੀ

135. 'ਸ਼ਬਦਾਂ ਦੇ ਅਰਥ ਸਿਰਜਣ ਵਿਚ ਭਾਸ਼ਾਈ ਵਰਤੋਂ ਦੀ ਥਾਂ ਸ਼ਬਦ – ਵਿਉਤਪੱਤੀ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਹੈ ।' ਉਪਰੋਕਤ ਸਿਧਾਂਤ ਦੇ ਹਾਮੀ ਹਨ –
(1) ਯਾਸਕ, ਅਨੰਦਵਰਧਨ, ਪਤੰਜਲੀ
(2) ਪਾਣਿਨੀ, ਪਤੰਜਲੀ, ਕਾਵਿਆਇਨ
(3) ਅਨੰਦਵਰਧਨ, ਯਾਸਕ
(4) ਪਾਣਿਨੀ, ਯਾਸਕ

136. "ਰੁਮਾਂਸਵਾਦ, ਯਥਾਰਥ ਤੋਂ ਭੱਜਣ ਦਾ ਯਤਨ ਹੈ ।" – ਕਥਨ ਕਿਸ ਚਿੰਤਕ ਦਾ ਹੈ –
(1) ਗੇਟਿਟੇ
(2) ਵਾਟਰਹਾਊਸ
(3) ਰੂਸੋ
(4) ਵਿਕਟਰ ਹਿਊਗੋ

137. ਕੁਝ ਵਿਦਵਾਨਾਂ ਵਲੋਂ 'ਗ਼ਜ਼ਲ' ਸ਼ਬਦ ਦਾ ਮੂਲ 'ਗ਼ਜ਼ਾਲ' ਸ਼ਬਦ ਨੂੰ ਮੰਨਿਆ ਗਿਆ ਹੈ । 'ਗ਼ਜ਼ਲ' ਸ਼ਬਦ ਦਾ ਅਰਥ ਹੈ –
(1) ਹਿਰਨ (2) ਸ਼ਿਕਾਰੀ
(3) ਖ਼ਿਆਲ (4) ਪੀੜਾ

138. 'ਵੱਖਰਤਾ' ਮਨੁਖੀ ਭਾਸ਼ਾ ਲਈਕਿਹੜਾ ਲੱਛਣ ਹੈ –
(1) ਸਮਾਜਕ
(2) ਭੁਗੋਲਕ
(3) ਪਰਿਭਾਸ਼ਕ
(4) ਬਾਹਰੀ

139. ਧੁਨਿਆਂ ਦੇ ਉਚਾਰਨ ਵਿਚ ਅਸੁਵਿਧਾ ਆਉਣ ਸਮੇਂ ਪ੍ਰਯਤਨ-ਲਾਵਣ ਅਸੂਲ ਅਨੁਸਾਰ ਪਰਿਵਰਤਨ ਆਉਂਦਾ ਹੈ –
(1) ਸਮੀਕਰਨ
(2) ਸਥਾਨਵਿਪ੍ਰਯ
(3) ਧੁਨੀ ਲੋਪ
(4) ਵਿਸ਼ਮੀਕਰਨ

140. ਰਸ-ਸਿਧਾਂਤ ਵਿਚ ਵਰਣਿਤ 'ਆਲੰਬਨ' ਦਾ ਸ਼ਾਬਦਿਕ ਅਰਥ ਹੈ –
(1) ਕਿਰਿਆ
(2) ਪ੍ਰਕਿਰਤੀ
(3) ਆਧਾਰ
(4) ਪ੍ਰੇਰਣਾ

141. 'ਰੁਬਾਈ' ਸ਼ਬਦ ਦੀ ਮੂਲ ਧਾਤੂ ਹੈ –
(1) ਰੁੱਬ (2) ਰੁੱਬਾ
(3) ਰੁੱਬਾਏ (4) ਰੁੱਬੀ

142. ਦੋ ਸਮਕਾਲੀਨ ਭਾਸ਼ਾਵਾਂ ਦੀ ਸੰਰਚਨਾ ਦੀ ਤੁਲਨਾ ਨੂੰ ਆਖਿਆ ਜਾਂਦਾ ਹੈ –
(1) ਤੁਲਨਾਤਮਕ ਭਾਸ਼ਾ ਵਿਗਿਆਨ
(2) ਸੰਰਚਨਾਤਮਕ ਭਾਸ਼ਾ ਵਿਗਿਆਨ
(3) ਟਾਕਰਵਾਂ ਭਾਸ਼ਾ ਵਿਗਿਆਨ
(4) ਇਤਿਹਾਸਕ ਭਾਸ਼ਾ ਵਿਗਿਆਨ

143. 'ਭਾਸ਼ਾ' ਅਤੇ 'ਉਪਭਾਸ਼ਾ' ਦਾ ਆਪਸੀ ਸੰਬੰਧ ਸਥਾਪਤ ਕਰਨ ਲਈ ਸੋਚਣਾਕਿ 'ਭਾਸ਼ਾ ਵਿਚੋਂ ਉਪ-ਭਾਸ਼ਾ ਨਿਕਲੀ ਹੈ' ਅਖਵਾਉਂਦਾ ਹੈ –
(1) ਵਿਗਿਆਨਕ
(2) ਅਣਵਿਗਿਆਨਕ
(3) ਟਕਸਾਲੀ ਕਰਨ
(4) ਸਰਵੇਖਣ

144. ਰੂਪਵਾਦੀਆਂ ਅਨੁਸਾਰ ਵਸਤੂ ਦੀ ਰੂਪ ਵਿਚ ਢਲਣ ਦੀ ਪ੍ਰਕਿਰਿਆ ਹੈ –
(1) ਪ੍ਰਤੱਖਣ
(2) ਅਨੁਕਰਨ
(3) ਸਥਾਨਾਂਤਰਨ
(4) ਰੂਪਾਂਤਰਨ

145. 'ਦਾਇਰਾਗਤ ਸੰਰਚਨਾ' ਦਾ ਸੰਬੰਧ ਕਿਹੜੇ ਕਹਾਣੀ-ਰੂਪ ਨਾਲ ਹੈ –
(1) ਲੰਮੀ ਕਹਾਣੀ
(2) ਨਿੱਕੀ ਕਹਾਣੀ
(3) ਮਿੰਨੀ ਕਹਾਣੀ
(4) ਲੋਕ ਕਹਾਣੀ

146. ਜੇਕਰ ਦੂਹਰੇ-ਸਵਰ ਦੇ ਪਹਿਲੇ ਅੰਗ ਦਾ ਉਚਾਰਨ ਦੂਜੇ ਨਾਲੋਂ ਉਚੇਰਾ ਜਾਂ ਬਲਪੂਰਬਕ ਹੋਵੇ ਤਾਂ ਆਖਿਆ ਜਾਂਦਾ ਹੈ –
(1) ਚੜ੍ਹਦਾ (2) ਲਹਿੰਦਾ
(3) ਉਚੇਰਾ (4) ਮਝਲਾ

147. ਜਿਸ ਉਚਾਰਖੰਡ ਉਤੇ ਦਬਾਅ ਆਉਂਦਾ ਹੈ, ਉਸੇ ਉਚਾਰਖੰਡ ਉਤੇ ਹੀ ਮਾਰਕ ਹੁੰਦਾ ਹੈ –
(1) ਸੁਰਤੰਦ
(2) ਸਵਰ
(3) ਸੁਰ
(4) ਵਿਅੰਜਨ

148. "ਮੂਲ ਪ੍ਰਵਿਰਤੀਆਂ ਦੇ ਸੱਧਰ ਉੱਤੇ ਕੇਵਲ ਪਸ਼ੂ ਜੀਉ ਸਕਦੇ ਹਨ, ਮਨੁੱਖ ਨਹੀਂ । ਆਪਣੀ ਹੋਂਦ ਬਣਾਈ ਰੱਖਣ ਲਈ ਮਨੁੱਖ ਨੂੰ ਸਮਾਜਕ ਮਰਯਾਦਾ ਵਿਚ ਬੱਲ੍ਹਣਆ ਪੈਂਦਾ ਹੈ ।" – ਉਪਰੋਕਤ ਧਾਰਨਾ ਕਿਹੜੇ ਵਾਦ ਨਾਲ ਸੰਬੰਧਤ ਹੈ –
(1) ਫਰਾਇਡਵਾਦ
(2) ਰੱਹਸਵਾਦ
(3) ਰੁਮਾਂਸਵਾਦ
(4) ਯਥਾਰਥਵਾਦ

149. ਪੱਛਮੀ ਵਿਦਵਾਨ ਇਕਾਂਗੀ ਦਾ ਵਿਕਾਸ ਦਸਵੀਂ ਸਦੀ ਦੇ ਕਿਹੜੇ ਨਾਟਕੀ ਰੂਪਾਂ ਤੋਂ ਮੰਨਦੇ ਹਨ –
(1) ਮਿਰੇਕਲਜ਼, ਮਾਰੇਲਿਟੀਜ਼
(2) ਇੰਟਰ ਲਿਉਡ, ਕਰਟਨ ਰੇਜ਼ਰ
(3) ਲਿਟਲ ਥੀਏਟਰ ਮੂਵਮੇਂਟ
(4) ਨਾਟ-ਵਿਸ਼ਰਾਮ, ਪਰਦਾ ਉਠਾਊ

150. ਪੰਜਾਬੀ-ਨਿਰੁਕਤੀ ਦੇ ਸੰਬੰਧ ਵਿਚ ਕਾਰਜ ਕਰਨ ਵਾਲਾ ਵਿਦਵਾਨ –
(1) ਹਰਕੀਰਤ ਸਿੰਘ
(2) ਜੋਗਾ ਸਿੰਘ
(3) ਜੀ.ਐਸ, ਰਿਆਲ
(4) ਬਲਵੀਰ ਸਿੰਘ ਸੰਧੂ

## रफ कार्य के लिए स्थान / SPACE FOR ROUGH WORK